Vide R.N.I. No. Pun-Pun 2002/8323

ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਅੰਕ: 148

ਨਿਰੋਲ ਧਾਰਮਿਕ ਪੱਤ੍ਰਿਕਾ

ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਤੇਈਵਾਂ ਭਾਗ-ਧੰਨ ਧੰਨ ਮਾਤਾ ਤ੍ਰਿਪਤਾ ਜੀ

ਅੰਦਰ ਪੜ੍ਹੋ ਜੀ



# ਵਿਦੇਸ਼ਾਂ ਦੇ ਬੱਚਿਆਂ ਦਾ ਇਨਾਮ ਵੰਡ ਸਮਾਗਮ ਅਤੇ ਸਤਿਕਾਰ ਸਮਾਰੋਹ

ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਮਦਰ ਕੌਲਾਂ ਜੀ ਵੈਲਫੇਅਰ ਸੈਂਟਰ, ਮਦਰ ਕੌਲਾਂ ਜੀ ਨਿਸ਼ਕਾਮ ਵੈਲਫੇਅਰ ਸੈਂਟਰ ਇਹ ਦੋ ਭਲਾਈ ਕੇਂਦਰ ਅਮਰੀਕਾ ਵਿਖੇ ਚੱਲ ਰਹੇ ਹਨ ਇਨ੍ਹਾਂ ਦੋਨਾਂ ਯੂਨਿਟਾਂ ਦੀ ਸੇਵਾ ਬੀਬੀ ਜਤਿੰਦਰ ਕੌਰ (ਜੋਤੀ ਦਾਰਾ ਭੈਣਜੀ) ਤੇ ਬੀਬੀ ਮਲਿੰਦਰ ਕੌਰ ਜੀ ਅਤੇ ਸਮੂੰਹ ਸਹਿਯੋਗੀ ਨਿਭਾ ਰਹੇ ਹਨ। ਇਨ੍ਹਾਂ ਵੱਲੋਂ ਵਿਦੇਸ਼ ਦੇ ਬੱਚਿਆਂ ਲਈ ਲਿਖਣ ਭਗਤੀ ਲਹਿਰ ਚਲਾਈ ਗਈ ਜਿਸ ਵਿੱਚ ਕੇਵਲ ਵਿਦੇਸ਼ਾਂ ਦੇ ਬੱਚਿਆਂ ਨੇ ਕਾਪੀਆਂ ਤੇ ਵਾਹਿਗੁਰੂ-ਵਾਹਿਗੁਰੂ ਲਿਖ ਕੇ ਲਿਖਣ ਭਗਤੀ ਲਹਿਰ ਵਿੱਚ ਭਾਗ ਲਿਆ ਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਸ੍ਰੀ ਅੰਮ੍ਰਿਤਸਰ ਵਿਖੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੇ ਹਫਤਾਵਾਰੀ ਸਮਾਗਮ ਵਿੱਚ ਇਨਾਮ ਵੰਡ ਸਮਾਗਮ ਦੌਰਾਨ ਉਨ੍ਹਾਂ ਬੱਚਿਆਂ ਦੇ 13 ਵੱਡੇ ਇਨਾਮਾਂ ਦਾ ਡਰਾਅ ਸਿੰਘ ਸਾਹਿਬ ਜੀ ਅਤੇ ਹੋਰ ਪ੍ਰੇਮੀਆਂ ਵੱਲੋਂ ਕੱਢਿਆ ਗਿਆ।



ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਅਤੇ ਹੋਰ ਪ੍ਰੇਮੀ ਇਨਾਮਾਂ ਦੇ ਕੂਪਨ ਕੱਢਦੇ ਹੋਏ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਜਿਨ੍ਹਾਂ ਬੱਚਿਆਂ ਦੇ ਇਨਾਮ ਨਿਕਲੇ ਉਨ੍ਹਾਂ ਦੇ ਨਾਮ ਅਨਾਊਂਸ ਕਰਦੇ ਹੋਏ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਨਿਤਾਪ੍ਰਤੀ ਸਵੱਯੇ ਦੀ ਸੇਵਾ ਨਿਭਾਉਣ ਵਾਲੇ ਗੁਰਮੁੱਖ ਪਿਆਰਿਆਂ ਨੂੰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਸਤਿਕਾਰ ਸਹਿਤ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਅਤੇ ਗਿਆਨੀ ਪਿੰਦਰਪਾਲ ਸਿੰਘ ਜੀ ਗੁਰਮਤਿ ਵਿਚਾਰਾਂ ਸਾਂਝੀਆਂ ਕਰਦੇ ਹੋਏ। ਸੰਗਤਾਂ ਕਥਾ ਦਾ ਆਨੰਦ ਮਾਣਦੀਆਂ ਹੋਈਆਂ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-148ਵਾਂ (2022)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਤੇਈਵਾਂ ਭਾਗ- ਧੰਨ ਧੰਨ ਮਾਤਾ ਤ੍ਰਿਪਤਾ ਜੀ 6
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 12
- ਜ਼ਿੰਦਗੀ ਦੀਆਂ ਬਰੀਕੀਆਂ 14
- ਭਾਈ ਘਨਈਆ ਜੀ ਦਾ ਜੀਵਨ 16
- ਠੰਡੇ ਬੁਰਜ ਤੇ ਠੰਡੀਆਂ ਰਾਤਾਂ ਦਾ ਅਨੋਖਾ ਇਤਿਹਾਸ 20
- ਅਧਿਆਤਮਿਕ ਵਿਚਾਰਾਂ 27
- 400 ਸਾਲ ਗੁਰ ਇਤਿਹਾਸ ਦੇ ਨਾਲ 28
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 30
- ਅਨਮੋਲ ਬਚਨ 33
- जिंदगी की बारीकियाँ 34
- धन्य धन्य श्री गुरु ग्रंथ साहिब जी की महिमा 35
- How Important is to Render Service? 43
- True Guru Helps Attain Salvation Whereas False One Leaves in the Lurch 48
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 50

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਬੀਬੀ ਕੌਲਾਂ ਜੀ ਭਲਾਈ ਕੇਂਦਰ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ **ਬੰਦੀ ਛੋੜ ਦਿਵਸ ਨੂੰ ਸਮਰਪਿਤ 39ਵਾਂ ਸਲਾਨਾ ਸਮਾਗਮ** ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਸੁਚੱਜੀ ਅਗਵਾਈ ਤੇ ਉਨ੍ਹਾਂ ਦੀ ਦੇਖ-ਰੇਖ ਵਿੱਚ ਹੋਇਆ। ਹਰ ਵਾਰੀ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਸ ਸਲਾਨਾ ਸਮਾਗਮ ਵਿੱਚ ਕੀਰਤਨ ਦਰਬਾਰ ਦੇ ਨਾਲ-ਨਾਲ ਕੁਝ ਇਹੋ ਜਿਹੇ ਕਾਰਜ ਕੀਤੇ ਜਾਣ ਜਿਸ ਨਾਲ ਅਮਲੀ ਤੌਰ ਤੇ, ਪ੍ਰੈਕਟੀਕਲੀ ਗੁਰਮਤਿ ਦੇ ਰਾਹ ਤੇ ਚਲਿਆ ਜਾਵੇ। ਸਤਿਗੁਰੂ ਜੀ ਦੀ ਕਿਰਪਾ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਸਤਿਕਾਰਯੋਗ ਸਿੰਘ ਸਾਹਿਬਾਨ, ਮਹਾਂਪੁਰਖਾਂ ਤੇ ਗੁਰੂ ਘਰ ਦੇ ਪ੍ਰੇਮ ਨਾਲ ਭਿੱਜੇ ਕੀਰਤਨੀਆਂ ਨੇ ਇਸ ਸਲਾਨਾ ਸਮਾਗਮ ਵਿੱਚ ਸੰਗਤਾਂ ਸਮੇਤ ਹਾਜ਼ਰੀਆਂ ਭਰੀਆਂ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ **401 ਸਾਲਾ ਪਾਵਨ ਪ੍ਰਕਾਸ਼ ਦਿਹਾੜੇ, ਬੰਦੀ ਛੋੜ ਦਿਵਸ** ਦੇ ਸੰਬੰਧ ਵਿੱਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ **6ਵਾਂ ਅਰਦਾਸ ਸਮਾਗਮ** ਵਿੱਚ ਆਪਣੇ ਰੋਜ਼ਾਨਾ ਦੇ ਨੇਮ ਤੋਂ ਇਲਾਵਾ ਵਾਹਿਗੁਰੂ ਸਿਮਰਨ ਜਾਪ, ਜਪੁ ਜੀ ਸਾਹਿਬ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਅਤੇ ਸਲੋਕ ਮਹਲਾ ੯ਵਾਂ ਦੀ ਵੱਧ ਤੋਂ ਵੱਧ ਹਾਜ਼ਰੀ ਲਗਾਉਣ ਲਈ ਬੇਨਤੀ ਕੀਤੀ ਗਈ ਸੀ ਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਇਸ ਗੁਰਬਾਣੀ ਦੇ ਪ੍ਰਵਾਹ ਵਿੱਚ ਆਪਣੀਆਂ ਹਾਜ਼ਰੀਆਂ ਲਗਵਾਈਆਂ। ਸਮਾਗਮ ਦੀ ਸਮਾਪਤੀ ਤੋਂ ਬਾਅਦ ਸੰਗਤਾਂ ਵੱਲੋਂ ਕੀਤੇ ਗਏ ਖੁੱਲ੍ਹੇ ਪਾਠਾਂ ਦੀ ਅਰਦਾਸ ਹੋਈ। ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਬਚਨ ਹਨ ਕਿ ਗੁਰਪੁਰਬ ਇਸ ਤਰ੍ਹਾਂ ਮਨਾਈਏ ਕਿ ਸਾਡੇ ਨੇਮ ਵਿੱਚ ਵਾਧਾ ਹੋ ਜਾਵੇ।

***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।*** ***(ਵਾਰ ੧੨, ਪਉੜੀ ੨)***

ਇਸੇ ਵਿੱਚ ਹੀ ਗੁਰੂ ਸਾਹਿਬ ਦੀਆਂ ਖੁਸ਼ੀਆਂ ਹਨ। ਇਸ ਤਰ੍ਹਾਂ ਸੰਗਤਾਂ ਨੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਪਾਵਨ ਪ੍ਰਕਾਸ਼ ਸ਼ਤਾਬਦੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਵੱਧ ਤੋਂ ਵੱਧ ਨੇਮ ਦੀ ਹਾਜ਼ਰੀ ਲਗਾ ਕੇ ਮਨਾਇਆ। ਸਤਿਗੁਰੂ ਜੀ ਦੀ ਕਿਰਪਾ ਨਾਲ ਅਗਲਾ **7ਵਾਂ ਅਰਦਾਸ ਸਮਾਗਮ 27 ਜਨਵਰੀ 2023** ਨੂੰ ਰੱਖਿਆ ਗਿਆ ਹੈ ਅਤੇ ਸਮੂੰਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਵਾਰੀ ਦੀ ਤਰ੍ਹਾਂ ਇਸ ਵਾਰ ਵੀ ਵਾਹਿਗੁਰੂ ਸਿਮਰਨ ਜਾਪ, ਜਪੁ ਜੀ ਸਾਹਿਬ, ਚੌਪਈ ਸਾਹਿਬ ਅਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੀਆਂ ਵੱਧ ਤੋਂ ਵੱਧ ਹਾਜ਼ਰੀਆਂ ਲਗਾਉਣ ਦੀ ਕ੍ਰਿਪਾਲਤਾ ਕਰਨੀ ਜੀ।

ਇਸ ਵਾਰ ਸਲਾਨਾ ਸਮਾਗਮ ਵਿੱਚ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਇੱਕ ਹੋਰ ਨਵਾਂ ਉਪਰਾਲਾ ਸ਼ੁਰੂ ਕੀਤਾ ਗਿਆ, ਬੱਚਿਆਂ ਨੂੰ ਦਸਤਾਰ ਸਜਾਉਣ ਦਾ। ਇਹ ਵੀ ਬੜਾ ਜ਼ਰੂਰੀ ਹੈ। ਦਸਤਾਰ ਸਿੱਖ ਦੀ ਸ਼ਾਨ ਹੈ ਤੇ ਦਸਤਾਰ ਗੁਰੂ ਸਾਹਿਬ ਦਾ ਆਪਣੇ ਸਿੱਖ ਨੂੰ ਬਖਸ਼ਿਆ ਹੋਇਆ ਇੱਕ ਤੋਹਫਾ ਹੈ। ਆਤਮਿਕ ਰਸ ਨੂੰ ਸੰਭਾਲਣ ਲਈ ਵੀ ਦਸਤਾਰ ਬੜੀ ਜ਼ਰੂਰੀ ਹੈ ਤੇ ਗੁਰੂ ਸਾਹਿਬ ਜੀ ਦਾ ਇਹ ਵੀ ਬਚਨ ਹੈ ਕਿ ਸਿੱਖ

ਦੇ ਸਿਰ ਤੇ ਦਸਤਾਰ ਸਜੀ ਹੋਵੇਗੀ ਤੇ ਲੱਖਾਂ ਕਰੋੜਾਂ ਦੇ ਇਕੱਠ ਵਿੱਚ ਵੀ ਦੂਰੋਂ ਹੀ ਪਹਿਚਾਣਿਆ ਜਾ ਸਕੇਗਾ ਕਿ ਇਹ ਗੁਰੂ ਦਾ ਸਿੱਖ ਹੈ। ਦਸਤਾਰ ਸਿੱਖ ਦੇ ਰੋਹਬ ਵਿੱਚ ਵਾਧਾ ਕਰਦੀ ਹੈ, ਉਸ ਦੀ ਸ਼ਖਸੀਅਤ ਨੂੰ ਚਾਰ ਚੰਨ੍ਹ ਲਗਾਉਂਦੀ ਹੈ। ਜਦੋਂ ਬੱਚਾ ਥੋੜ੍ਹਾ ਜਿਹਾ ਜਵਾਨੀ ਵਿੱਚ ਪੈਰ ਧਰਦਾ ਹੈ ਤੇ ਹਰ ਗੁਰਸਿੱਖ ਮਾਤਾ-ਪਿਤਾ ਆਪਣੇ ਬੱਚੇ ਦੀ ਦਸਤਾਰਬੰਦੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕਰਵਾਉਂਦੇ ਹਨ। ਗੁਰੂ ਸਾਹਿਬ ਦੀ ਨਦਰਿ ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਇਸ ਸਲਾਨਾ ਸਮਾਗਮ ਵਿੱਚ 220 ਬੱਚਿਆਂ ਨੂੰ ਦਸਤਾਰ ਸਜਾਉਣ ਦਾ ਉਪਰਾਲਾ ਕੀਤਾ ਗਿਆ। ਇਨ੍ਹਾਂ ਉਪਰਾਲਿਆਂ ਦੀ ਅੱਜ ਦੇ ਸਮੇਂ ਵਿੱਚ ਬਹੁਤ ਲੋੜ ਹੈ ਕਿਉਂਕਿ ਜਿਵੇਂ-ਜਿਵੇਂ ਮੋਬਾਇਲਾਂ ਤੇ ਫੈਸ਼ਨਾਂ ਦਾ ਦੌਰ ਸ਼ੁਰੂ ਹੋ ਗਿਆ ਹੈ, ਉਸ ਨੂੰ ਠੱਲ੍ਹ ਪਾਉਣ ਲਈ ਇਹ ਜ਼ਰੂਰੀ ਹੈ ਕਿ ਇਹੋ ਜਿਹੇ ਛੋਟੇ-ਛੋਟੇ ਉਪਰਾਲੇ ਲਗਾਤਾਰ ਹਰ ਸ਼ਹਿਰ ਵਿੱਚ ਹੁੰਦੇ ਰਹਿਣ ਤਾਂ ਕਿ ਸਿੱਖੀ ਸਰੂਪ ਦੀ ਪਹਿਚਾਨ ਤੇ ਇਸ ਦਾ ਸਤਿਕਾਰ ਕਾਇਮ ਰਹਿ ਸਕੇ।

ਇਸੇ ਤਰ੍ਹਾਂ ਸਲਾਨਾ ਸਮਾਗਮ ਵਿੱਚ ਗੁਰੂ ਸਾਹਿਬ ਦੀ ਕਿਰਪਾ ਨਾਲ ਜਨਮ ਅਸਥਾਨ ਧੰਨ ਧੰਨ ਬਾਬਾ ਦੀਪ ਸਿੰਘ ਜੀ ਪਹੁਵਿੰਡ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਵੀ ਰੱਖਿਆ ਗਿਆ ਤਾਂ ਕਿ ਵੱਧ ਤੋਂ ਵੱਧ ਸਰੀਰ ਗੁਰੂ ਸਾਹਿਬ ਵੱਲੋਂ ਬਖਸ਼ੀ ਪਾਵਨ ਰਹਿਤ ਮਰਿਆਦਾ ਦੇ ਦਾਇਰੇ ਵਿੱਚ ਰਹਿ ਕੇ ਆਪਣਾ ਜੀਵਨ ਸਫਲ ਕਰ ਸਕਣ। ਹਰ ਸਿੱਖ ਲਈ ਗੁਰੂ ਵਾਲਾ ਬਣਨਾ ਬਹੁਤ ਜ਼ਰੂਰੀ ਹੈ।

ਗੁਰੂ ਸਾਹਿਬ ਮਿਹਰ ਕਰਨ, ਆਪਣੀ ਬਖਸ਼ਿਸ਼ ਦੀ ਨਦਰਿ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਫੁਲਵਾੜੀ ਤੇ ਬਣਾਈ ਰੱਖਣ ਤੇ ਆਪ ਹੀ ਤਰਸ ਕਰਕੇ ਵੱਧ ਤੋਂ ਵੱਧ ਇਹੋ ਜਿਹੇ ਉਪਰਾਲਿਆਂ ਦੀਆਂ ਸੇਵਾਵਾਂ ਨਿਮਰਤਾ ਦੇ ਦਾਇਰੇ ਵਿੱਚ ਰੱਖ ਕੇ ਨਿਸ਼ਕਾਮ ਰੂਪ ਵਿੱਚ ਲੈਂਦੇ ਰਹਿਣ ਤਾਂ ਕਿ ਸਾਡਾ ਸਾਰਿਆਂ ਦਾ ਲੋਕ-ਪਰਲੋਕ ਸੁਹੇਲਾ ਹੋ ਸਕੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

---

## ਦਸ ਗੁਰੂ ਸਾਹਿਬਾਨ

- ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੱਡਾ ਕੋਈ ਤਪੀ ਨਹੀਂ।
- ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਵੱਡਾ ਕੋਈ ਆਗਿਆਕਾਰੀ ਨਹੀਂ।
- ਧੰਨ ਸ੍ਰੀ ਗੁਰੂ ਅਮਰਦਾਸ ਜੀ ਤੋਂ ਵੱਡਾ ਕੋਈ ਸੇਵਾਦਾਰ ਨਹੀਂ।
- ਧੰਨ ਸ੍ਰੀ ਗੁਰੂ ਰਾਮਦਾਸ ਜੀ ਤੋਂ ਵੱਡਾ ਕੋਈ ਸਿਦਕੀ ਨਹੀਂ।
- ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਵੱਡਾ ਕੋਈ ਲਿਖਾਰੀ ਨਹੀਂ।
- ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵੱਡਾ ਕੋਈ ਯੋਧਾ ਨਹੀਂ।
- ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਵੱਡਾ ਕੋਈ ਗਿਆਨੀ ਨਹੀਂ।
- ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੋਂ ਵੱਡਾ ਕੋਈ ਵੈਦ ਨਹੀਂ।
- ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਵੱਡਾ ਕੋਈ ਧਨੀ ਨਹੀਂ
- ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵੱਡਾ ਕੋਈ ਦਾਨੀ ਨਹੀਂ।

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਤੇਈਵਾਂ ਭਾਗ- ਧੰਨ ਧੰਨ ਮਾਤਾ ਤ੍ਰਿਪਤਾ ਜੀ

## ਉਹ ਕਿਹੜੀ ਬੀਬੀ ਸੀ ਜੋ ਨਿਰੰਕਾਰ ਨੂੰ ਧਰਤੀ ਤੇ ਖਿੱਚ ਕੇ ਲੈ ਆਈ?

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਤੇਈਵਾਂ ਭਾਗ- ਧੰਨ ਧੰਨ ਮਾਤਾ ਤ੍ਰਿਪਤਾ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*—ਸੰਪਾਦਕ*

***ਮ: ੧॥***

***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥***
***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥***
***ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥***
***ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥***
***ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥***

*(ਅੰਗ ੪੭੩)*

ਸਾਰੀ ਸੰਗਤ ਸੰਪੂਰਨ ਸ੍ਰਿਸ਼ਟੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਿਆਰ, ਸਤਿਕਾਰ ਵਿੱਚ ਗਜ ਕੇ ਆਖੋ, ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਆਓ, ਹੁਣ ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਸਤਿਗੁਰੂ ਜੀ ਆਪ ਹੀ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ :

### ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਂਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ

ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਜੀਤੋ ਜੀ, ਅਠਾਰ੍ਹਵੇਂ ਭਾਗ ਵਿੱਚ ਬੀਬੀ ਬਸੰਤ ਲਤਾ ਕੌਰ ਜੀ, ਉਨ੍ਹੀਵੇਂ ਭਾਗ ਵਿੱਚ ਧੰਨ ਧੰਨ ਬੀਬੀ ਅਮਰੋ ਜੀ, ਵੀਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਨਾਨਕੀ ਜੀ, ਇੱਕੀਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਭਰੀ ਜੀ ਤੇ ਬਾਈਵੇਂ ਭਾਗ ਵਿੱਚ ਬੀਬੀ ਰਜਨੀ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਤੇਈਵੇਂ ਭਾਗ ਵਿੱਚ ਉਸ ਬੀਬੀ ਦੇ ਜੀਵਨ ਦੇ ਦਰਸ਼ਨ ਕਰਨੇ ਹਨ, ਜੋ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਹਨ:

### *ਧੰਨ ਧੰਨ ਮਾਤਾ ਤ੍ਰਿਪਤਾ ਜੀ*

ਜਿਨ੍ਹਾਂ ਦੇ ਘਰ ਆਪ ਨਿਰੰਕਾਰ ਆਇਆ ਹੋਵੇ, ਆਪ ਹੀ ਅੰਦਾਜ਼ਾ ਲਗਾ ਲਓ, ਉਹ ਮਾਤਾ ਜੀ ਦੇ ਕਿਹੜੇ-ਕਿਹੜੇ ਗੁਣ ਬਿਆਨ ਕਰੀਏ। ਹਰ ਪਾਸਿਓਂ ਮਿਹਰ ਹੀ ਮਿਹਰ ਹੈ। ਮਾਝੇ ਦੇ ਕੋਲ ਪਿੰਡ ਹੈ, ਚਾਹਲ, ਲਾਹੌਰ ਵਿੱਚ। ਉੱਥੇ ਮਾਤਾ ਤ੍ਰਿਪਤਾ ਜੀ ਦਾ ਆਗਮਨ ਹੋਇਆ ਹੈ। ਪਿਤਾ ਜੀ ਦਾ ਨਾਂ ਰਾਮਾ ਜੀ ਅਤੇ ਮਾਤਾ ਜੀ ਦਾ ਨਾਂ ਸਭਰਾਈ ਜੀ। ਅੱਗੋਂ ਆਪ ਜੀ ਨੂੰ ਸਭ ਪਤਾ ਹੈ, ਸ਼ਾਦੀ ਕਿੱਥੇ ਹੋਈ- ਧੰਨ ਬਾਬਾ ਕਲਿਆਣ ਦਾਸ ਜੀ ਦੇ ਨਾਲ ਜਿਨ੍ਹਾਂ ਨੂੰ ਪਿਆਰ ਨਾਲ ਧੰਨ ਮਹਿਤਾ ਕਾਲੂ ਜੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮਾਤਾ ਜੀ ਦਾ ਜੀਵਨ ਕਿਹੋ ਜਿਹਾ ਸੀ, ਸੁਭਾਅ ਦਾ ਵਾਤਾਵਰਨ, ਭਗਤੀ ਵਾਲਾ, ਸਾਧੂ ਸੰਤਾਂ ਦੀ ਸੇਵਾ ਵਾਲਾ। ਪਰ ਥੋੜ੍ਹੀ ਜਿਹੀ ਗੱਲ ਦਾਸ ਨੂੰ ਬੜੀ ਚੰਗੀ ਲੱਗੀ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਮਹਿਤਾ ਕਾਲੂ ਜੀ ਪਟਵਾਰੀ ਸੀ। ਜਿਵੇਂ ਕਈ ਚੀਜ਼ਾਂ ਪਤਨੀ, ਪਤੀ ਕੋਲੋਂ ਮੰਨਵਾ ਲੈਂਦੀ ਹੈ, ਮਾਤਾ ਤ੍ਰਿਪਤਾ ਜੀ ਨੇ ਮਹਿਤਾ ਕਾਲੂ ਜੀ ਨੂੰ ਇਹ ਕਹਿਣਾ, ਤੁਸੀਂ ਪਟਵਾਰੀ ਹੋ, ਰੋਜ਼ ਨਹੀਂ ਤੇ ਹਫਤੇ ਵਿੱਚ ਇੱਕ-ਦੋ ਵਾਰੀ ਆਪਣੇ ਨਗਰ ਵਿੱਚ ਜ਼ਰੂਰ ਚੱਕਰ ਲਗਾਇਆ ਕਰੋ, ਕੋਈ ਭੁੱਖਾ ਤਾਂ ਨਹੀਂ ਸੁੱਤਾ। ਇਹ ਗੱਲਾਂ ਚੰਗੀਆਂ ਲੱਗਣ ਤੇ ਆਪਣੇ ਜੀਵਨ ਵਿੱਚ ਲਿਆਉਣਾ। ਮਾਤਾ ਤ੍ਰਿਪਤਾ ਜੀ ਬਾਬਾ ਮਹਿਤਾ ਕਾਲੂ ਜੀ ਦੀ ਧਰਮ ਸੁਪਤਨੀ ਸਨ ਤੇ ਉਨ੍ਹਾਂ ਨੇ ਭਲੇ ਦੇ ਕੰਮਾਂ ਲਈ ਮਹਿਤਾ ਕਾਲੂ ਜੀ ਨੂੰ ਮਨਾ ਲੈਣਾ। ਕਹਿੰਦੇ ਜੇ ਰੋਜ਼ ਜਾਓ ਤੇ ਬਹੁਤ ਵਧੀਆ ਹੈ, ਨਹੀਂ ਤਾਂ ਹਫਤੇ ਵਿੱਚ ਇੱਕ-ਦੋ ਵਾਰੀ ਜ਼ਰੂਰ ਜਾਣਾ। ਆਪਣੇ ਨਗਰ ਦਾ ਜ਼ਰੂਰ ਚੱਕਰ ਲਗਾਇਆ ਕਰੋ, ਕੋਈ ਭੁੱਖਾ ਤਾਂ ਨਹੀਂ ਸੁੱਤਾ।

ਇਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਤੋਂ ਪਹਿਲਾਂ ਦੀ ਗੱਲ ਹੈ। ਮਾਤਾ ਤ੍ਰਿਪਤਾ ਜੀ ਨੇ ਆਪਣੇ ਪਤੀ ਮਹਿਤਾ ਕਾਲੂ ਜੀ ਨੂੰ ਕਹਿਣਾ, ਮੇਰਾ ਚਿੱਤ ਹੈ ਕਿ ਤ੍ਰਿਪਤਾ ਦੇ ਤੰਦੂਰ ਵਿੱਚੋਂ ਇਸ ਨਗਰ ਦੇ ਹਰ ਪ੍ਰਾਣੀ ਦੇ ਪੇਟ ਦੀ ਭੁੱਖ ਸ਼ਾਂਤ ਹੋਵੇ। ਦਾਸ ਸੁਭਾਅ ਦੀ ਗੱਲ ਕਰ ਰਿਹਾ ਹੈ। ਵੇਖੋ ਕੈਸਾ ਸੁਭਾਅ ਹੈ, ਪਰਉਪਕਾਰੀ। ਮਾਤਾ ਜੀ ਦੇ ਜੀਵਨ ਵਿੱਚੋਂ ਕੁਝ ਅੰਸ਼ ਲੈਣਾ। ਕੈਸੇ ਹੋਣਗੇ, ਮਾਤਾ ਜੀ। ਮਾਤਾ ਤ੍ਰਿਪਤਾ ਜੀ, ਆਪਣੇ ਪਤੀ ਨੂੰ ਭੇਜਣਾ। ਰੋਜ਼ ਜਾਓ ਪਰ ਜੇ ਰੋਜ਼ ਨਹੀਂ ਜਾ ਸਕਦੇ ਤੇ ਹਫਤੇ ਵਿੱਚ ਇੱਕ-ਦੋ ਦਿਨ ਵੀ ਤੁਹਾਡੇ ਨਗਰ ਵਿੱਚ ਕੋਈ ਭੁੱਖਾ ਨਾ ਸੋਵੇਂ, ਮੇਰਾ ਤੰਦੂਰ ਜਿਹੜਾ ਬਖਸ਼ਿਆ ਹੈ, ਇਸ ਵਿੱਚੋਂ ਹਰ ਕਿਸੇ ਦੇ ਪੇਟ ਦੀ ਭੁੱਖ ਤ੍ਰਿਪਤ ਹੋਵੇ। ਐਸਾ ਉਨ੍ਹਾਂ ਦਾ ਸੁਭਾਅ ਸੀ। ਇੱਕ ਵਾਰੀ ਪੜ੍ਹੋ ਜੀ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

***(ਅੰਗ ੪੭੩)***

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਨ੍ਹਾਂ ਅੱਗੇ ਸਾਰੀ ਸ੍ਰਿਸ਼ਟੀ ਝੁੱਕਦੀ ਹੈ। ਇਸ ਨੂੰ ਦੂਜੇ ਬੰਨੇ ਨਾ ਖੜ੍ਹਨਾ। ਸਾਰੇ ਸਤਿਕਾਰਯੋਗ ਹਨ ਪਰ ਨਜ਼ਰ ਮਾਰ ਲਓ, ਤੁਸੀਂ ਕਿਸੇ ਹਿੰਦੂ ਵੀਰ ਨੂੰ ਮੁਹੰਮਦ ਸਾਹਿਬ ਅੱਗੇ ਝੋਲੀ ਅੱਡਦਿਆਂ ਨਹੀਂ

ਵੇਖਿਆ ਹੋਵੇਗਾ। ਸਾਰੇ ਸਤਿਕਾਰਯੋਗ ਹਨ ਪਰ ਨੋਟ ਕਰਿਓ, ਤੁਸੀਂ ਕਿਸੇ ਮੁਸਲਮਾਨ ਵੀਰ ਨੂੰ ਕ੍ਰਿਸ਼ਨ ਜੀ ਅੱਗੇ ਝੋਲੀ ਅੱਡਦਿਆਂ ਨਹੀਂ ਵੇਖਿਆ ਹੋਵੇਗਾ। ਮਾਤਾ ਤ੍ਰਿਪਤਾ ਜੀ ਕਿੰਨੇ ਧੰਨ ਹੋਣਗੇ ਜਿਨ੍ਹਾਂ ਦੀ ਕੁੱਖ ਵਿੱਚੋਂ ਆਪ ਨਿਰੰਕਾਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਆਪ ਆਏ ਹਨ। ਇਹ ਸੱਚਾਈ ਹੈ, ਲੱਖਾਂ ਹਿੰਦੂ ਵੀਰ, ਲੱਖਾਂ ਮੁਸਲਮਾਨ ਵੀਰਾਂ ਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਝੁਕਦੇ ਵੇਖਿਆ ਹੋਵੇਗਾ।

***ਭਇਆ ਅਨੰਦ ਜਗਤੁ ਵਿਚਿ***
***ਕਲਿ ਤਾਰਨ ਗੁਰੁ ਨਾਨਕੁ ਆਇਆ।***
***ਹਿੰਦੂ ਮੁਸਲਮਾਣਿ ਨਿਵਾਇਆ ॥੩੭॥***

*(ਵਾਰ ੧, ਪਉੜੀ ੩੭)*

ਮਾਤਾ ਤ੍ਰਿਪਤਾ ਜੀ, ਸੁਸ਼ੀਲ ਮਾਤਾ, ਉੱਚੀ ਸੁੱਚੀ ਮਾਤਾ, ਜਿਨ੍ਹਾਂ ਦੀ ਕੁੱਖ ਵਿੱਚੋਂ ਇਹੋ ਜਿਹੀ ਅਜ਼ਮਤ ਵਾਲੀ ਹਸਤੀ ਨੇ ਆਗਮਨ ਲਿਆ ਜਿਨ੍ਹਾਂ ਦਾ ਨਾਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਸਭ ਤੋਂ ਵਿਲੱਖਣ ਗੱਲ ਜਿਨ੍ਹਾਂ ਅੱਗੇ ਸਾਰੀ ਸ੍ਰਿਸ਼ਟੀ ਝੁਕਦੀ ਹੈ।

***ਜੈ ਜੈ ਕਾਰੁ ਕਰੇ ਸਭੁ ਕੋਈ ॥***

*(ਅੰਗ ੬੨੯)*

ਦੂਜੀ ਗੱਲ, ਭਾਈ ਵੀਰ ਸਿੰਘ ਜੀ ਨੇ ਲਿਖੀ ਹੈ। ਜਗਤ ਪਿਤਾ, ਜਗਤ ਗੁਰੂ, ਜਗਤ ਤਾਰਕ ਆਪ ਨਿਰੰਕਾਰ ਦੀ ਮਾਤਾ ਜੀ ਹੋਏ ਹਨ, ਧੰਨ ਮਾਤਾ ਤ੍ਰਿਪਤਾ ਜੀ। ਸ਼ਾਇਦ ਤੁਹਾਡੇ ਵਿੱਚੋਂ ਬਹੁਤਿਆਂ ਨੇ ਕਿਤਾਬ ਪੜ੍ਹੀ ਹੋਵੇਗੀ :

***ਪ੍ਰੇਮ ਭਗਤਿ ਪ੍ਰਭ ਲਾਗੀ ॥***

*(ਅੰਗ ੬੨੭)*

ਦਾਸ ਦਾ ਖਿਆਲ ਹੈ ਕਿ ਹਰਖੋਵਾਲ ਵਾਲੇ ਮਹਾਂਪੁਰਸ਼ ਹਨ ਜਿਨ੍ਹਾਂ ਨੇ ਇਹ ਕਿਤਾਬ ਲਿਖੀ। ਦਾਸ ਨੂੰ ਉਸ ਵਿੱਚੋਂ ਇੱਕ ਗੱਲ ਬੜੀ ਵਧੀਆ ਲੱਗੀ ਹੈ। ਕਿਤਾਬ ਵਿੱਚ ਉਨ੍ਹਾਂ ਨੇ ਲਿਖਿਆ ਹੈ, ਜਿਹੜਾ ਨਰਗਿਸ ਦਾ ਫੁੱਲ ਹੈ, ਉਸ ਵਿੱਚ ਇਹੋ ਜਿਹੀ ਅਹਿਮੀਅਤ ਹੈ ਕਿ ਜਿਹੜਾ ਭੌਰਾ ਹੈ, ਉਸ ਵੱਲ ਆਪਣੇ ਆਪ ਬਦੋਬਦੀ ਖਿੱਚਿਆ ਆਉਂਦਾ ਹੈ।

***ਪ੍ਰੇਮ ਭਗਤਿ ਪ੍ਰਭ ਲਾਗੀ ॥***

*(ਅੰਗ ੬੨੭)*

ਇਸ ਪੁਸਤਕ ਦੇ ਰਾਈਟਰ ਨੇ ਬੜੀ ਸੁਹਣੀ ਗੱਲ ਲਿਖੀ ਹੈ। ਕਹਿੰਦੇ ਨਰਗਿਸ ਦਾ ਫੁੱਲ ਹੈ ਜਿਸ ਵਿੱਚ ਇਹੋ ਜਿਹੀ ਖੁਸ਼ਬੂ ਹੈ ਕਿ ਭੌਰਾ ਉਸ ਵੱਲ ਆਪਣੇ ਆਪ ਖਿੱਚਿਆ ਆਉਂਦਾ ਹੈ। ਉਹ ਲਿਖਦੇ ਹਨ, ਉਸੇ ਤਰ੍ਹਾਂ ਮਾਤਾ ਤ੍ਰਿਪਤਾ ਜੀ, ਉਹ ਸੱਚੀ ਨਰਗਿਸ ਹਨ ਜਿਹੜੇ ਨਿਰੰਕਾਰ ਨੂੰ ਹੀ ਆਪਣੇ ਕੋਲ ਖਿੱਚ ਕੇ ਲੈ ਆਏ ਹਨ। ਧਿਆਨ ਦੇਣਾ। ਆਪ ਰੱਬ ਨੇ ਜਿਨ੍ਹਾਂ ਦੇ ਘਰ ਆਗਮਨ ਲਿਆ ਹੋਵੇ। ਮਾਤਾ ਤ੍ਰਿਪਤਾ ਜੀ ਉਹ ਸੱਚੀ ਨਰਗਿਸ ਹਨ ਕਿ ਨਿਰੰਕਾਰ ਨੂੰ ਹੀ ਦਰਗਾਹ ਵਿੱਚੋਂ ਖਿੱਚ ਕੇ ਲੈ ਆਏ। ਇੱਕ ਵਾਰੀ ਸਾਰੇ ਕਿਰਪਾ ਕਰੋ ਜੀ :

***ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ***
***ਜਿਨਿ ਗੁਰੂ ਜਣਿਆ ਮਾਇ ॥***

*(ਅੰਗ ੩੧੦)*

***ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥***

*(ਅੰਗ ੩੨)*

ਨਰਗਿਸ ਦਾ ਫੁੱਲ ਭੌਰੇ ਨੂੰ ਖਿੱਚ ਕੇ ਆਪਣੇ ਕੋਲ ਲੈ ਆਉਂਦਾ ਹੈ। ਮਾਤਾ ਤ੍ਰਿਪਤਾ ਜੀ ਉਹ ਸੱਚੀ ਨਰਗਿਸ ਹਨ ਜਿਨ੍ਹਾਂ ਦੀ ਇਤਨੀ ਕਮਾਈ, ਇਤਨੀ ਬੰਦਗੀ ਸੀ ਕਿ ਨਿਰੰਕਾਰ ਨੂੰ ਉਨ੍ਹਾਂ ਦੇ ਘਰ ਆਉਣਾ ਪਿਆ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ। ਦਾਸ ਨੂੰ ਵਿਸ਼ਵਾਸ ਹੈ, ਜਿਸ ਮਾਤਾ ਜੀ ਦੀ ਇੰਨੀ ਕਮਾਈ ਸੀ ਕਿ ਨਿਰੰਕਾਰ ਨੂੰ ਹੀ ਬੰਦਗੀ ਦੀ ਖਿੱਚ ਨਾਲ ਲੈ ਆਉਂਦਾ, ਅਸੀਂ ਉਨ੍ਹਾਂ ਦੇ ਗੁਣ

ਗਾ ਲਵਾਂਗੇ, ਮਾੜੇ ਕਰਮਾਂ ਦੇ ਵਰਕੇ ਸਾਡੇ ਵੀ ਪਾੜੇ ਜਾਣਗੇ। ਉਨ੍ਹਾਂ ਦੇ ਗੁਣ ਹੀ ਗਾ ਲਈਏ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਵੱਡਾ ਤਾਂ ਕੋਈ ਨਹੀਂ, ਇਹ ਉਨ੍ਹਾਂ ਦੀਆਂ ਪੰਕਤੀਆਂ, ਗੁਰਬਾਣੀ ਦੀਆਂ ਪੰਕਤੀਆਂ ਬੋਲੀਆਂ ਜਾ ਰਹੀਆਂ ਹਨ, ਉਨ੍ਹਾਂ ਨੇ ਵੀ ਗੁਣ ਗਾਏ ਹਨ:

***ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥***

***(ਅੰਗ ੩੨)***

ਦਾਸ ਨੂੰ ਬੜਾ ਅਨੰਦ ਆਇਆ। ਤਿੰਨ-ਚਾਰ ਜਗ੍ਹਾ ਦਾਸ ਨੇ ਕਿਤਾਬਾਂ ਵਿੱਚੋਂ ਪੜ੍ਹਿਆ, ਸੱਤ ਰਿਖੀ ਹੋਏ ਹਨ ਜਿਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਵਾਲੀ ਜਗ੍ਹਾ ਤੇ ਤਪ ਕੀਤਾ, ਬੰਦਗੀ ਕੀਤੀ ਹੈ, ਐਵੇਂ ਨਹੀਂ:

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***

***(ਅੰਗ ੧੩੬੨)***

ਪਹਿਲਿਆਂ ਸਮਿਆਂ ਵਿੱਚ ਵੀ ਸ੍ਰੀ ਦਰਬਾਰ ਸਾਹਿਬ ਵਾਲੀ ਜਗ੍ਹਾ ਤੇ ਪਤਾ ਨਹੀਂ ਕਿਹੜੇ-ਕਿਹੜੇ ਜਪੀ ਤਪੀ ਹੋਏ ਹਨ। ਮੌਜੂਦਾ ਸਮਾਂ ਤਾਂ ਹੈ ਹੀ। ਦਾਸ ਨੂੰ ਪੜ੍ਹ ਕੇ ਬੜਾ ਅਨੰਦ ਆਇਆ। ਮਨ ਦੀ ਬੜੀ ਰੀਝ ਸੀ ਕਿ ਉਨ੍ਹਾਂ ਸੱਤ ਰਿਖੀਆਂ ਦੇ ਨਾਂ ਲੱਭੇ ਜਾਣ ਤੇ ਸੰਗਤ ਨੂੰ ਨਾਂ ਸੁਣਾਏ ਜਾਣ, ਅਨੰਦ ਵੱਧਦਾ ਹੈ। ਉਹ ਸੱਤ ਰਿਖੀ ਕਿਹੜੇ ਹਨ? ਤਿੰਨ-ਚਾਰ ਰਾਈਟਰਾਂ ਨੇ ਲਿਖਿਆ ਹੈ, ਸ੍ਰੀ ਦਰਬਾਰ ਸਾਹਿਬ ਵਾਲੀ ਜਗ੍ਹਾ ਤੇ ਉਨ੍ਹਾਂ ਸੱਤ ਰਿਖੀਆਂ ਨੇ ਬੰਦਗੀ ਕੀਤੀ, ਤਪ ਕੀਤਾ, ਇਸ ਜਾਮੇ ਵਿੱਚ। ਸੱਤਾਂ ਰਿਖੀਆਂ ਦੇ ਨਾਂ ਲਿਖੇ ਹਨ: ਪਹਿਲੇ ਮਾਤਾ ਤ੍ਰਿਪਤਾ ਜੀ, ਦੂਜੇ ਪਿਤਾ ਕਾਲੂ ਜੀ, ਤੀਜੇ ਰਿਖੀ ਲਿਖਿਆ ਹੈ, ਬੇਬੇ ਨਾਨਕੀ ਜੀ, ਐਵੇਂ ਤਾਂ ਨਹੀਂ, ਕਿਰਪਾ ਹੀ ਸੀ। ਬੇਬੇ ਨਾਨਕੀ ਜੀ ਦਾ ਜਨਮ ਬਹੁਤ ਰਾਈਟਰਾਂ ਨੇ ਲਿਖਿਆ ਹੈ ਕਿ ਮਾਤਾ ਤ੍ਰਿਪਤਾ ਜੀ ਦੇ ਪੇਕੇ ਘਰ ਹੋਇਆ ਹੈ। ਮਾਤਾ ਤ੍ਰਿਪਤਾ ਜੀ ਦਾ ਪੇਕਾ ਘਰ ਮਾਝੇ ਦੇ ਕੋਲ ਚਾਹਲ। ਕਈਆਂ ਨੇ ਫਿਰ ਲਿਖਿਆ ਹੈ, ਨਾਨਕੇ ਘਰ, ਬੇਬੇ ਨਾਨਕੀ ਜੀ ਦਾ ਆਗਮਨ ਹੋਣ ਕਰਕੇ ਇਨ੍ਹਾਂ ਦਾ ਨਾਂ ਨਾਨਕੀ ਪੈ ਗਿਆ। ਥੋੜ੍ਹਾ ਜਿਹਾ ਉਦਾਸੀ ਆਈ, ਆਉਣਾ ਨਿਰੰਕਾਰ ਨੇ ਸੀ। ਤੇ ਫਿਰ ਅਕਾਸ਼ਵਾਣੀ ਹੋਈ, ਜਿੱਥੇ ਨਿਰੰਕਾਰ ਨੇ ਆਉਣਾ ਹੋਵੇ, ਸੇਵਾਦਾਰਾਂ ਨੂੰ ਪਹਿਲਾਂ ਭੇਜੀਦਾ ਹੈ। ਪੰਜ ਸਾਲ ਬਾਅਦ ਹੋਏ ਹਨ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ। ਬੇਬੇ ਨਾਨਕੀ ਜੀ, ਸੇਵਾਦਾਰ, ਰੱਬ ਨੇ ਪਹਿਲਾਂ ਭੇਜਿਆ। ਇਹ ਤੀਜੇ ਰਿਖੀ, ਬੇਬੇ ਨਾਨਕੀ ਜੀ। ਪਤਾ ਨਹੀਂ ਕਿਸ ਨੂੰ ਚੌਂਕੜੇ ਮਾਰਨ ਦਾ ਚਾਅ ਚੜ੍ਹ ਜਾਵੇ। ਜਿਸ ਜਗ੍ਹਾ ਤੇ ਉਨ੍ਹਾਂ ਦਾ ਤਪ, ਬੰਦਗੀ। ਚੌਥੇ ਰਿਖੀ ਰਾਈਟਰਾਂ ਨੇ ਲਿਖੇ ਹਨ, ਭਾਈਆ ਜੈ ਰਾਮ ਜੀ। ਕਦੀ ਨਹੀਂ ਆਪਣੇ ਆਪ ਅੰਦਰ ਜੀਜੇ ਵਾਲੀ ਗੱਲ ਲਿਆਂਦੀ, ਪੂਰਨ ਸ਼ਰਧਾ ਸੀ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੇ। ਪੰਜਵੇਂ ਰਿਖੀ, ਰਾਈਟਰਾਂ ਨੇ ਲਿਖੇ ਹਨ, ਭਾਈ ਲਾਲੋ ਜੀ। ਛੇਵੇਂ ਰਿਖੀ, ਰਾਏ ਬੁਲਾਰ ਜੀ ਤੇ ਸੱਤਵੇਂ ਰਿਖੀ ਲਿਖੇ ਹਨ, ਝੰਡਾ ਬਾਡੀ ਜੀ। ਇਹ ਸੱਤ ਰਿਖੀਆਂ ਨੇ ਚੌਂਕੜੇ ਮਾਰੇ, ਬੰਦਗੀ ਕੀਤੀ, ਤਪ ਕੀਤੇ। ਆਓ ਅਸੀਂ ਵੀ ਅਰਦਾਸ ਕਰੀਏ ਕਿ ਸਾਨੂੰ ਵੀ ਬੱਝਵੀਂ ਭਗਤੀ ਕਰਨ ਦੀ ਦਾਤ ਪ੍ਰਾਪਤ ਹੋਵੇ।

ਇੱਕ ਹੁੰਦਾ ਹੈ, ਕਦੀ ਸੋਫੇ ਤੇ ਬੈਠ ਕੇ ਪਾਠ ਕਰ ਲਿਆ, ਕਦੀ ਕੁਰਸੀ ਤੇ ਬੈਠ ਕੇ ਕਰ ਲਿਆ, ਕਦੀ ਇੱਥੇ ਬੈਠ ਗਏ, ਕਦੀ ਉੱਥੇ ਬੈਠ ਗਏ। ਜਿਹੜਾ ਇੰਝ ਕਰਦਾ ਹੈ, ਉਸ ਦੇ ਵੀ ਚਰਨ ਧੋ ਕੇ ਪੀ ਲਈਏ ਪਰ ਇੱਕ ਹੁੰਦੀ ਹੈ, ਬੱਝਵੀਂ ਭਗਤੀ। ਬਾਬਾ ਦੀਪ ਸਿੰਘ ਜੀ ਦੇ ਦਰ ਤੇ ਕਈ ਵਾਰ ਸੰਗਤ ਬੈਠੀ ਹੁੰਦੀ ਹੈ। ਕਈ ਬੀਬੀਆਂ, ਵੀਰ ਬੈਠੇ ਹੋਣਗੇ, ਕੀਰਤਨ ਵੀ ਹੋ ਰਿਹਾ ਹੈ, ਬੈਠੇ ਵੀ ਵੱਡੇ ਦਰ ਤੇ ਹਨ ਪਰ ਇੱਕ ਮਿੰਟ ਵਾਹਿਗੁਰੂ-ਵਾਹਿਗੁਰੂ ਜਪਦੇ ਹਨ,

ਫਿਰ ਇੱਕ ਮਿੰਟ ਘਰੇਲੂ ਗੱਲ ਕਰਦੇ ਹਨ। ਫਿਰ ਇੱਕ ਅੱਧਾ ਮਿੰਟ ਵਾਹਿਗੁਰੂ-ਵਾਹਿਗੁਰੂ ਕਰਦੇ ਹਨ ਤੇ ਫਿਰ ਇੱਕ ਮਿੰਟ ਘਰੇਲੂ ਗੱਲ। ਇਹ ਖਿੰਡੀ-ਪੁੰਡੀ ਭਗਤੀ ਹੈ। ਇੱਕ ਹੈ ਬੱਝਵੀਂ ਭਗਤੀ। ਆਓ ਅਸੀਂ ਵੀ ਅੱਜ ਬੇਨਤੀਆਂ ਕਰ ਲਈਏ।

*ਧੰਨ ਤੇਰੇ ਪਿਆਰੇ ਕਲਗੀ ਵਾਲਿਆ,*
*ਮੇਰੀ ਵਾਰੀ ਕਦੋਂ ਆਏਗੀ।*
*ਧੰਨ ਤੇਰੇ ਪਿਆਰੇ ਬਾਬਾ ਨਾਨਕਾ,*
*ਮੇਰੀ ਵਾਰੀ ਕਦੋਂ ਆਏਗੀ।*

------------------

*ਕਰਮਹੀਣ ਧਨ ਕਰੈ ਬਿਨੰਤੀ*
*ਕਦਿ ਨਾਨਕ ਆਵੈ ਵਾਰੀ॥*
*ਸਭਿ ਸੁਹਾਗਣਿ ਮਾਣਹਿ ਰਲੀਆ*
*ਇਕ ਦੇਵਹੁ ਰਾਤਿ ਮੁਰਾਰੀ॥੧॥*

*(ਅੰਗ ੯੫੯)*

ਪਤਾ ਨਹੀਂ ਕਿਹੜਾ ਤੁਹਾਡੇ ਵਿੱਚੋਂ ਬਖਸ਼ਿਆ ਬੈਠਾ ਹੋਵੇ, ਸਾਰਿਆਂ ਦੀ ਸੁਣੀ ਜਾਵੇ। ਕੈਸੇ ਚੌਕੜੇ ਮਾਰੇ ਹੋਣਗੇ, ਇਨ੍ਹਾਂ ਰਿਖੀਆਂ ਨੇ। ਐਵੇਂ ਤਾਂ ਨਹੀਂ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਦੇ ਚਰਨਾਂ ਦਾ ਪਿਆਰ ਮਿਲ ਗਿਆ। ਇਹ ਸੱਤ ਰਿਖੀਆਂ ਨੇ ਤਪੱਸਿਆ ਕੀਤੀ, ਬੰਦਗੀ ਕੀਤੀ। ਫਿਰ ਇਨ੍ਹਾਂ ਨੇ ਪੁਕਾਰ ਕੀਤੀ, ਨਿਰੰਕਾਰ, ਆਪ ਆਓ। ਫਿਰ ਹੁਕਮ ਹੋਇਆ ਸੀ, ਤੁਸੀਂ ਚਲੋ, ਅਸੀਂ ਪਿੱਛੇ-ਪਿੱਛੇ ਆਉਂਦੇ ਹਾਂ।

ਦਾਸ ਨੂੰ ਇਹ ਗੱਲ ਬੜੀ ਚੰਗੀ ਲੱਗੀ, ਭਾਈ ਵੀਰ ਸਿੰਘ ਜੀ ਨੇ ਲਿਖੀ ਹੈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਮਾਤਾ ਤ੍ਰਿਪਤਾ ਜੀ ਕਿੰਨੇ ਭਾਗਾਂ ਵਾਲੇ ਹੋਣਗੇ ਜਦੋਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਗਮਨ ਹੋਇਆ ਹੈ ਉਸ ਸਮੇਂ ਨਿੰਮਾ-ਨਿੰਮਾ ਬੂੰਦਾ-ਬਾਂਦੀ ਦਾ ਛਿੜਕਾ ਹੋ ਰਿਹਾ ਸੀ। ਇਹ ਸੱਚਾਈਆਂ ਹਨ, ਹਕੀਕਤਾਂ ਹਨ। ਦੂਜਾ ਲਿਖਿਆ ਹੈ, ਬਨਸਪਤੀ ਵੀ ਫੁੱਲ ਭੇਟਾ ਕਰਕੇ ਆਪਣੀ ਹਾਜ਼ਰੀ ਲਗਾ ਰਹੀ ਸੀ, ਜਦੋਂ ਪਿਤਾ ਜੀ ਆਏ। ਤੀਜਾ ਲਿਖਿਆ ਹੈ, ਹਰ ਪਾਸੇ ਖੁਸ਼ਬੂ-ਖੁਸ਼ਬੂ ਤੇ ਇੱਕੋ ਅਵਾਜ਼ ਆ ਰਹੀ ਸੀ, ਚੌਰਾਸੀ ਲੱਖ ਜੂਨ ਉਨ੍ਹਾਂ ਨੂੰ ਰੋਜ਼ੀ ਦੇਣ ਵਾਲਾ ਆਪ ਧਰਤੀ ਤੇ ਆਇਆ ਹੈ, ਮਾਤਾ ਤ੍ਰਿਪਤਾ ਜੀ ਦੀ ਕੁੱਖ ਵਿੱਚੋਂ। ਮਾਤਾ ਜੀ ਕਿੰਨੇ ਭਾਗਾਂ ਵਾਲੇ ਹੋਣਗੇ। ਫਿਰ ਅੱਗੇ ਲਿਖਿਆ ਹੈ, ਗੁਪਤ ਸੰਸਾਰ। ਕੋਈ ਸੰਸਾਰ ਹੋਵੇਗਾ, ਗੁਪਤ। ਗੁਪਤ ਸੰਸਾਰ ਦੇ ਦਿਬ ਲੋਕ, ਸੰਤ ਲੋਕ, ਬ੍ਰਹਮ ਗਿਆਨੀ ਲੋਕ ਉਸ ਵੇਲੇ ਉਹ ਵੀ ਸਾਰੇ ਪਹੁੰਚ ਰਹੇ ਸਨ, ਆਪਣੀ ਹਾਜ਼ਰੀ ਲਗਾਉਣ ਲਈ। ਉਹ ਮਾਤਾ ਜੀ ਕਿੰਨੇ ਭਾਗਾਂ ਵਾਲੇ ਹੋਣਗੇ, ਜਿਨ੍ਹਾਂ ਨੂੰ ਇਨ੍ਹਾਂ ਸੁਭਾਗ ਸਮਿਆਂ ਦੇ ਦਰਸ਼ਨ ਕਰਨ ਦਾ ਸਮਾਂ ਨਸੀਬ ਹੋਇਆ।

ਹੋਰ ਕਈ ਰਾਈਟਰਾਂ ਨੇ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਬੇਟੀ ਹੋਈ ਹੈ, ਬੀਬੀ ਸਿਮਰਨ ਕੌਰ, ਉਨ੍ਹਾਂ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ, ਮਾਤਾ ਤ੍ਰਿਪਤਾ ਜੀ ਇੱਕ ਗੱਲ ਤੋਂ ਹੋਰ ਧੰਨ ਹਨ। ਇੱਕ ਹੁੰਦਾ ਹੈ, ਨਿਰੰਕਾਰ ਦਾ ਉਨ੍ਹਾਂ ਦੇ ਰਾਹੀਂ ਧਰਤੀ ਤੇ ਆਉਣਾ ਤੇ ਦੂਜਾ ਹੈ, ਮਾਤਾ ਤ੍ਰਿਪਤਾ ਜੀ ਤਾਂ ਭਾਗਾਂ ਵਾਲੇ ਹਨ, ਨਿਰੰਕਾਰ ਨੂੰ ਖਿਡਾਇਆ ਵੀ ਹੈ ਤੇ ਪਾਲਿਆ ਪੋਸਿਆ ਵੀ ਹੈ। ਪਿਆਰ ਦਿੱਤਾ ਵੀ ਤੇ ਪਿਆਰ ਲਿਆ ਵੀ। ਜਿਵੇਂ ਆਪਾਂ ਆਪ ਸੁਣਦੇ ਹੀ ਹਾਂ, ਕ੍ਰਿਸ਼ਨ ਜੀ ਦੇ ਮਾਤਾ ਜੀ ਸਨ ਮਾਤਾ ਦੇਵਕੀ ਜੀ। ਉਨ੍ਹਾਂ ਨੂੰ ਆਗਮਨ ਦੇਣ ਦਾ ਮਾਣ ਪ੍ਰਾਪਤ ਹੋਇਆ ਪਰ ਖਿਡਾਉਣ ਤੇ ਪਾਲਣ-ਪੋਸ਼ਣ ਦਾ ਨਹੀਂ। ਖਿਡਾਉਣ ਤੇ ਪਾਲਣ-ਪੋਸ਼ਣ ਦਾ ਮਾਣ ਮਾਤਾ ਯਸ਼ੋਧਾ ਜੀ ਨੂੰ ਪ੍ਰਾਪਤ ਹੋਇਆ। ਤੁਹਾਨੂੰ ਕੰਸ ਵਾਲੀ ਸਾਰੀ ਵਾਰਤਾ ਦਾ ਪਤਾ ਹੀ ਹੈ। ਮਹਾਤਮਾ ਬੁੱਧ ਵੀ ਸਮੇਂ ਦੇ ਅਵਤਾਰ ਹੋਏ ਹਨ। ਉਨ੍ਹਾਂ ਬਾਰੇ ਬਹੁਤ ਰਾਈਟਰਾਂ ਨੇ ਲਿਖਿਆ

ਹੈ ਕਿ ਜਦੋਂ ਉਨ੍ਹਾਂ ਦਾ ਆਗਮਨ ਹੋਇਆ, ਉਨ੍ਹਾਂ ਦੇ ਮਾਤਾ ਜੀ ਚੜ੍ਹਾਈ ਕਰ ਗਏ ਸਨ। ਦੋਵੇਂ ਚੀਜ਼ਾਂ ਕਿਤੇ-ਕਿਤੇ ਪ੍ਰਾਪਤ ਹੁੰਦੀਆਂ ਹਨ। ਨਿਰੰਕਾਰ ਦਾ ਜਾਂ ਕਿਸੇ ਅਵਤਾਰ ਦਾ ਆਉਣਾ ਵੀ ਤੇ ਫਿਰ ਪਾਲਣ ਪੋਸ਼ਣ, ਖਿਡਾਉਣਾ, ਉਨ੍ਹਾਂ ਦੀ ਅਸੀਸ ਲੈਣਾ, ਉਹ ਪਿਆਰ ਲੈਣਾ, ਉਹ ਚੋਜ ਦੇਖਣੇ, ਇਹ ਦੋਵੇਂ ਚੀਜ਼ਾਂ ਕਿਤੇ-ਕਿਤੇ ਦੇਖਣ ਨੂੰ ਮਿਲਦੀਆਂ ਹਨ। ਪੜ੍ਹੋ ਜੀ ਪਿਆਰ ਨਾਲ :

***ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥***

***(ਅੰਗ ੩੧੦)***

ਮਾਤਾ ਤ੍ਰਿਪਤਾ ਜੀ ਦਾ ਸੁਭਾਅ ਸੀ ਆਪਣੇ ਸਪੁੱਤਰ (ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ) ਨੂੰ ਇੱਕ-ਦੋ ਸਿੱਕੇ ਖਰਚਣ ਲਈ ਦਿੰਦੇ ਸੀ। ਵੇਖੋ, ਬਾਬਾ ਜੀ ਵੀ ਸਿੱਕੇ ਲੈਂਦੇ ਰਹੇ ਹਨ। ਮਾਤਾ ਜੀ ਨੇ ਇੱਕ-ਦੋ ਸਿੱਕੇ ਖਰਚਣ ਲਈ ਦੇਣੇ ਤੇ ਨਾਲ ਕੀ ਕਹਿਣਾ ਕਿ ਪੁੱਤਰ ਜੀ, ਦੋ ਸਿੱਕੇ ਵੱਖਰੇ ਲੈ ਲਓ। ਤੁਹਾਡੇ ਜਿੰਨੇ ਸਾਥੀ ਹਨ, ਉਨ੍ਹਾਂ ਨੂੰ ਇਨ੍ਹਾਂ ਸਿੱਕਿਆਂ ਦੀ ਮਠਿਆਈ ਛਕਾਉਣੀ ਹੈ। ਇਸ ਨੂੰ ਕੀ ਕਹਾਂਗੇ? ਦਿਆਲੂ ਸੁਭਾਅ, ਰਹਿਮਤ ਵਾਲਾ ਸੁਭਾਅ। ਆਪਣੇ ਤੱਕ ਹੀ ਸੀਮਿਤ ਨਹੀਂ। ਇੱਕ ਹੋਰ ਗੱਲ ਬੜੀ ਵਧੀਆ ਲੱਗੀ, ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ। ਇੱਕ ਦਿਨ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਖੇਡਦੇ-ਖੇਡਦੇ ਘਰ ਆਏ ਤੇ ਸਾਥੀ ਨਾਲ ਹੀ ਆ ਗਏ। ਬਾਬਾ ਜੀ ਦੇ ਬਚਪਨ ਦੇ ਸਾਥੀ ਨਾਲ ਆ ਗਏ ਤੇ ਮਾਤਾ ਜੀ ਅੱਗੋਂ ਕੀ ਕਹਿੰਦੇ ਹਨ। ਹੁਣ ਕਈ ਮਾਵਾਂ ਤੇ ਟੁੱਟ ਕੇ ਪੈ ਜਾਂਦੀਆਂ ਹਨ। ਦੋਸਤ ਘਰ ਚੁੱਕ ਲਿਆਇਆ ਹੈਂ। ਮਾਤਾ ਤ੍ਰਿਪਤਾ ਜੀ ਦਾ ਕੈਸਾ ਸੁਭਾਅ ਸੀ। ਉਦਾਰਪਨ ਵਾਲਾ। ਆਪਣੇ ਬੱਚੇ ਨੂੰ ਕਹਿੰਦੇ, ਅੱਜ ਤੁਹਾਡੇ ਸਾਥੀ ਆਏ ਹਨ, ਤੁਸੀਂ ਇਨ੍ਹਾਂ ਦੀਆਂ ਪੰਗਤਾਂ ਲਗਵਾਓ। ਜੋ ਤਿਲ ਫੁੱਲ ਬਣਿਆ ਹੈ, ਮਾਤਾ ਤ੍ਰਿਪਤਾ ਜੀ ਨੇ ਕਹਿਣਾ, ਮੈਂ ਤੁਹਾਡੇ ਸਾਰੇ ਸਾਥੀਆਂ ਨੂੰ ਲੰਗਰ ਛਕਾਉਣਾ ਹੈ। ਐਸਾ ਸੁਭਾਅ ਸੀ।

ਮਾਤਾ ਤ੍ਰਿਪਤਾ ਜੀ ਦੇ ਸੁਭਾਅ ਦਾ ਤੀਜਾ ਗੁਣ। ਪੜਦੇ ਵੀ ਕੱਜਦੇ ਸਨ। ਬੀਬੀ ਸਿਮਰਨ ਕੌਰ ਨੇ, ਭਾਈ ਵੀਰ ਸਿੰਘ ਜੀ ਨੇ ਇੰਝ ਹੀ ਲਿਖਿਆ ਹੈ ਕਿ ਕੋਈ ਲੋੜਵੰਦ ਆ ਜਾਵੇ, ਜੇ ਉਸ ਨੂੰ ਲੋਟਾ ਲੋੜ ਹੈ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਘਰੋਂ ਲੋਟਾ ਚੁੱਕ ਕੇ ਦੇ ਦੇਣਾ। ਜੇ ਬਸਤਰ ਲੋੜ ਹਨ ਤੇ ਬਸਤਰ ਚੁੱਕ ਕੇ ਦੇ ਦੇਣੇ, ਜੇ ਬਰਤਨ ਲੋੜ ਹਨ ਤਾਂ ਬਰਤਨ ਚੁੱਕ ਕੇ ਦੇ ਦੇਣੇ। ਤੇ ਪਿਤਾ ਬਾਬਾ ਕਲਿਆਣ ਦਾਸ ਜੀ ਗੁੱਸਾ ਕਰਦੇ ਸੀ। ਉਨ੍ਹਾਂ ਨੇ ਪੰਡਿਤ ਹਰਦਿਆਲ ਚੰਦ ਜੀ ਨੂੰ ਇੱਥੋਂ ਤੱਕ ਕਹਿ ਦਿੱਤਾ ਕਿ ਤੂੰ ਕਹਿੰਦਾ ਸੈਂ, ਤੁਹਾਡੇ ਘਰ ਉਸ ਨੇ ਜਨਮ ਲਿਆ ਹੈ ਜਿਹੜਾ ਸ੍ਰਿਸ਼ਟੀ ਤਾਰੇਗਾ। ਇਹ ਤਾਂ ਮੇਰਾ ਅਗਲਾ ਪਿਛਲਾ ਸਭ ਕੁਝ ਰੋੜ੍ਹੀ ਜਾਂਦਾ ਪਿਆ ਹੈ। ਤੂੰ ਕਹਿੰਦਾ ਸੈਂ, ਸ੍ਰਿਸ਼ਟੀ ਤਾਰੇਗਾ। ਇਹ ਤਾਂ ਮੇਰੇ ਘਰ ਦੇ ਸਾਰੇ ਭਾਂਡੇ ਟੀਂਡੇ ਦੇਈ ਜਾਂਦਾ ਹੈ, ਰੋੜ੍ਹੀ ਜਾਂਦਾ ਹੈ। ਇੱਥੋਂ ਤੱਕ ਫਿਰ ਲਿਖਿਆ ਹੈ ਕਿ ਮਾਤਾ ਤ੍ਰਿਪਤਾ ਜੀ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਦੀ ਹੱਥ ਨਹੀਂ ਰੋਕਿਆ। ਉਨ੍ਹਾਂ ਨੇ ਜੋ ਵੰਡਿਆ ਕਰਨਾ ਤੇ ਮਾਤਾ ਜੀ ਨੇ ਪਿਤਾ ਜੀ ਕੋਲੋਂ ਪੜਦੇ ਵੀ ਕੱਜਣੇ। ਐਸੇ ਸਨ ਮਾਤਾ ਤ੍ਰਿਪਤਾ ਜੀ, ਆਪਣੇ ਪੁੱਤਰ ਦੇ ਪੜਦੇ ਵੀ ਕੱਜਦੇ ਸਨ। ਕਿੰਨੇ ਭਾਗਾਂ ਵਾਲੇ ਸਨ ਮਾਤਾ ਤ੍ਰਿਪਤਾ ਜੀ ਜਿਨ੍ਹਾਂ ਦੀ ਬੰਦਗੀ ਨੇ ਨਿਰੰਕਾਰ ਨੂੰ ਪਿਆਰ ਦੀ ਖਿੱਚ ਪਾ ਕੇ ਲੈ ਆਉਂਦਾ। ਪੜ੍ਹੋ ਜੀ, ਪਿਆਰ ਨਾਲ ਫਿਰ ਸਮਾਪਤੀ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

***(ਅੰਗ ੪੭੩)***

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

—ਭਾਈ ਪਾਲ ਸਿੰਘ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

### *ਨੌਵੇਂ ਪਾਤਸ਼ਾਹ ਜੀ ਦਾ ਤੇਈਵਾਂ ਸਲੋਕ :*

*ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥*
*ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥*
*(ਅੰਗ ੧੪੨੭)*

ਜਿਸ ਤਰ੍ਹਾਂ ਸੁਪਨਾ ਅਤੇ ਬਾਜੀਗਰਾਂ ਦਾ ਤਮਾਸ਼ਾ ਮਿਥਿਆ ਹੁੰਦਾ ਹੈ, ਇਸੇ ਤਰ੍ਹਾਂ ਹੀ ਇਸ ਸੰਸਾਰ ਨੂੰ ਮਿਥਿਆ ਸਮਝ। ਇਨ੍ਹਾਂ ਵਿੱਚ ਕੋਈ ਵਸਤੂ ਵੀ ਸੱਚੀ ਨਹੀਂ ਹੈ, ਇੱਕ ਭਗਵਾਨ ਦੇ ਭਜਨ ਤੋਂ ਬਿਨਾਂ (ਸਭ ਝੂਠ ਹੈ)।

ਜਿਵੇਂ ਕਿਲੋ ਆਟਾ ਇੱਕ ਬੰਦੇ ਨੇ ਖਾਣਾ ਹੋਵੇ ਤਾਂ ਥੋੜ੍ਹਾ ਹੀ ਟਾਇਮ ਲੱਗਦਾ ਹੈ ਪਰ ਜੇ ਕੁਵਿੰਟਲ ਆਟਾ ਖਾਣਾ ਹੋਵੇ ਤਾਂ ਕਾਫੀ ਦਿਨ ਲੱਗ ਜਾਂਦੇ ਹਨ। ਇਸ ਤਰ੍ਹਾਂ ਰਾਤ ਦਾ ਸੁਪਨਾ ਕਿਲੋ ਆਟਾ ਖਾਣ ਵਾਂਗ ਥੋੜ੍ਹੇ ਸਮੇਂ ਦਾ ਹੈ ਤੇ ਖੁੱਲ੍ਹੀ ਅੱਖ ਨਾਲ ਜੋ ਸੰਸਾਰ ਦੇਖਦੇ ਹਾਂ ਇਹ ਵੀ ਸੁਪਨਾ ਹੀ ਹੈ, ਕੁਵਿੰਟਲ ਆਟਾ ਖਾਣ ਵਾਂਗ ਪਰ ਖਾਧੇ ਦੋਵੇਂ ਹੀ ਜਾਂਦੇ ਹਨ। ਇਸ ਲਈ ਜਿਵੇਂ ਸੁੱਤੇ ਪਿਆ ਸੁਪਨਾ ਆਉਂਦਾ ਹੈ ਅਤੇ ਉਸ ਸੁਪਨੇ ਵਿੱਚ ਕਈ ਪਦਾਰਥ ਵੇਖੀਦੇ ਹਨ, ਤਿਵੇਂ ਇਸ ਜਗਤ ਨੂੰ ਸਮਝ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥*
*ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥*
*(ਅੰਗ ੮੦੮)*

ਜਾਦੂਗਰ ਤਮਾਸ਼ਾ ਵਿਖਾਉਂਦਾ ਹੈ, ਪੈਸਿਆਂ ਦੇ ਢੇਰ ਲਗਾਉਂਦਾ ਹੈ। ਫਿਰ ਬਾਅਦ ਵਿੱਚ ਲੋਟਾ ਫੜ ਕੇ ਪੈਸਾ ਪੈਸਾ ਮੰਗਦਾ ਹੈ ਕਿਉਂਕਿ ਜੋ ਕੁਝ ਉਸਨੇ ਵਿਖਾਇਆ ਉਹ ਇੱਕ ਤਮਾਸ਼ਾ ਸੀ। ਇਸੇ ਤਰ੍ਹਾਂ ਇਹ ਸਾਰਾ ਖਲਾਰਾ ਝੂਠਾ ਹੈ ਜਿਸ ਨਾਲ ਅਸੀਂ ਚਿੱਤ ਜੋੜਿਆ ਹੋਇਆ ਹੈ।

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*(ਅੰਗ ੭੦੭)*

ਇੱਕ ਸ਼ਹਿਰ ਵਿੱਚ ਇੱਕ ਝੀਵਰ ਦਾਣੇ ਭੁੰਨਣ ਵਾਲਾ ਰਹਿੰਦਾ ਸੀ। ਉਸ ਨੇ ਕਦੇ ਵੀ ਰਾਜੇ ਨੂੰ ਦੇਖਿਆ ਨਹੀਂ ਸੀ। ਇੱਕ ਦਿਨ ਰਾਜੇ ਦੀ ਸਵਾਰੀ ਜਲੂਸ ਦੀ ਸ਼ਕਲ ਵਿੱਚ ਧੂਮ-ਧਾਮ ਨਾਲ ਜਾ ਰਹੀ ਸੀ ਜਿਸ ਨੇ ਜਾ ਕੇ ਇੱਕ ਬਾਗ ਵਿੱਚ ਠਹਿਰਨਾ ਸੀ ਉੱਥੇ ਰਾਜੇ-ਰਾਣੀ ਦਾ ਇਕੱਠਾ ਸਿੰਘਾਸਨ ਬਣਾਇਆ ਸੀ। ਰਾਜਾ-ਰਾਣੀ ਉੱਥੇ ਆ ਕੇ ਬੈਠ ਗਏ।

ਇਹ ਦਾਣੇ ਭੁੰਨਣ ਵਾਲਾ ਇੱਕ ਦਰੱਖਤ ਉੱਪਰ ਚੜ੍ਹ ਕੇ ਸਭ ਕੁਝ ਦੇਖ ਰਿਹਾ ਸੀ ਤੇ ਮਨ ਵਿੱਚ ਸੋਚ ਰਿਹਾ ਸੀ ਕਿ ਕਿਤੇ ਮੈਂ ਵੀ ਰਾਜਾ ਹੁੰਦਾ ਤੇ ਰਾਣੀ ਨਾਲ ਇਸ ਤਰ੍ਹਾਂ ਬੈਠ ਕੇ ਮਿੱਠੀਆਂ-ਮਿੱਠੀਆਂ ਗੱਲਾਂ ਕਰਦਾ।

ਇੱਕ ਦਿਨ ਠੰਡ ਦੇ ਦਿਨਾਂ ਵਿੱਚ ਭੱਠੀ ਉੱਤੇ ਦਾਣੇ ਭੁੰਨਦਾ-ਭੁੰਨਦਾ ਸੌਂ ਗਿਆ। ਸੁਪਨੇ ਵਿੱਚ ਕੀ ਦੇਖਦਾ ਹੈ ਮੈਂ ਰਾਜਾ ਹਾਂ ਤੇ ਰਾਣੀਆਂ ਮੇਰੇ ਆਸ-ਪਾਸ ਬੈਠੀਆਂ ਮੈਨੂੰ ਭੋਜਨ ਖਿਲਾ ਰਹੀਆਂ ਹਨ। ਇਧਰ ਦਾਣੇ ਭੰਨਾਉਣ ਵਾਲੇ ਮੁੜੀ ਜਾਂਦੇ ਹਨ। ਹੁਣ ਇਸਦੀ ਪਤਨੀ ਨੇ ਆ ਕੇ ਅੱਗ ਬਾਲਣ ਵਾਲੀ ਤੱਤੀ ਸੋਟੀ ਲਾ ਦਿੱਤੀ। ਝੀਵਰ ਨੂੰ ਇਕ ਦਮ ਜਾਗ ਆ ਗਈ ਤੇ ਬਹੁਤ ਪਛੁਤਾਇਆ ਕਿ ਮੈਂ ਤਾਂ ਹੁਣੇ ਰਾਜਾ ਸੀ ਪਰ ਅੱਖ ਖੁੱਲੀ ਤਾਂ ਸਭ ਕੁਝ ਚੌਪਟ ਹੋ ਗਿਆ।

***ਜਿਉ ਸੁਪਨੈ ਹੋਇ ਬੈਸਤ ਰਾਜਾ ॥***
***ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥੨॥***

***(ਅੰਗ ੧੭੯)***

ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ, ਹੇ ਮਨੁੱਖ! ਆਪਣੇ ਦਿਲ ਵਿੱਚ ਇੱਕ ਗੱਲ ਪੱਕੀ ਟਿਕਾ ਲੈ ਕਿ ਸਾਰਾ ਸੰਸਾਰ ਸੁਪਨੇ ਵਰਗਾ ਹੈ, ਇਹਦੇ ਨਾਸ਼ ਹੁੰਦਿਆਂ ਚਿਰ ਨਹੀਂ ਲੱਗਦਾ।

***ਰੇ ਨਰ ਇਹ ਸਾਚੀ ਜੀਅ ਧਾਰਿ ॥***
***ਸਗਲ ਜਗਤੁ ਹੈ ਜੈਸੇ ਸੁਪਨਾ***
***ਬਿਨਸਤ ਲਗਤ ਨ ਬਾਰ ॥੧॥ ਰਹਾਉ ॥***

***(ਅੰਗ ੬੩੩)***

ਭਗਤ ਕਬੀਰ ਜੀ ਕਹਿੰਦੇ ਹਨ ਜੋ ਇਹ ਸੰਸਾਰ ਵੇਖਦੇ ਹਾਂ ਇਸ ਵਿੱਚ ਜਿੰਨੇ ਜੀਵ, ਪਸ਼ੂ, ਪੰਛੀ, ਮਨੁੱਖ ਇਹ ਸਦਾ ਨਹੀਂ ਰਹਿਣਗੇ। ਕੀ ਰਾਜਾ, ਕੀ ਕੰਗਲਾ ਮੌਤ ਦਾ ਫਰਿਸ਼ਤਾ ਸਭ ਦੇ ਦਿਲ ਦੀ ਧੜਕਣ ਨੂੰ ਬੰਦ ਕਰ ਦਿੰਦਾ ਹੈ। ਬਾਲ, ਜਵਾਨ, ਬੁੱਢੇ ਸਾਰਿਆਂ ਨੂੰ ਜਮ ਨੇ ਲੈ ਜਾਣਾ ਹੈ। ਮਨੁੱਖ ਚੂਹੇ ਦੀ ਨਿਆਈਂ ਹੈ ਤੇ ਮੌਤ ਬਿੱਲੀ ਦੀ ਨਿਆਈਂ ਹੈ ਜੋ ਸਭ ਨੂੰ ਖਾਈ ਜਾ ਰਹੀ ਹੈ।

***ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ ॥***
***ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ ॥੧॥***

***(ਅੰਗ ੮੫੫)***

ਸੋ ਇਹ ਸੰਸਾਰ ਚਲਾਏਮਾਨ, ਧੂਏ ਦਾ ਪਹਾੜ ਹੈ ਪਰ ਬੰਦੇ ਨੇ ਸੰਸਾਰ ਨੂੰ ਤਿਆਗਣਾ ਵੀ ਨਹੀਂ ਤੇ ਕਰਤਾਰ ਨਾਲ ਵੀ ਜੁੜੇ ਰਹਿਣਾ ਹੈ।

ਗੁਰੂ ਕਲਗੀਧਰ ਪਾਤਸ਼ਾਹ ਜੀ ਆਖਦੇ ਹਨ ਕਿ ਪਰਮਾਤਮਾ ਕਿਸੇ ਦੀ ਕਿਰਤ ਨਹੀਂ ਉਸਨੂੰ ਕਿਸੇ ਬਣਾਇਆ ਨਹੀਂ ਉਹ ਮ੍ਰਿਤੂ ਤੋਂ ਵੀ ਰਹਿਤ ਹੈ। ਅਸੀਂ ਉਸ ਨਾਲ ਜੁੜਨਾ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ।

***ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥੧੭੭॥***

***(ਸ੍ਰੀ ਜਾਪੁ ਸਾਹਿਬ)***

ਪੰਜਵੇਂ ਪਾਤਸ਼ਾਹ ਜੀ ਆਖਦੇ ਹਨ ਕਿ ਸਾਰੇ ਬੇਦ, ਸਾਸ਼ਤਰ ਅਤੇ ਧਰਮ ਗ੍ਰੰਥ ਬੜੇ ਗਹੁ ਨਾਲ ਵਾਚੇ ਹਨ। ਕੋਈ ਧਰਮ ਗ੍ਰੰਥ ਇਹ ਨਹੀਂ ਕਹਿੰਦਾ ਕਿ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਸਦਾ ਰਹਿਣ ਵਾਲਾ ਹੈ। ਇੱਕ ਪਰਮਾਤਮਾ ਸੱਚਾ ਰਹਿਣ ਵਾਲਾ ਹੈ ਜੋ ਆਦਿ ਵਿੱਚ ਵੀ ਸੀ, ਜੋ ਜੁਗਾਂ ਦੇ ਆਰੰਭ ਵਿੱਚ ਵੀ ਸੀ, ਹੁਣ ਵੀ ਹੈ ਅਤੇ ਅਗਾਂਹ ਵੀ ਸਦਾ ਵਾਸਤੇ ਹੋਵੇਗਾ।

***ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ ॥***
***ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥੧॥***

***(ਅੰਗ ੨੫੪)***

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਆਖਦੇ ਹਨ ਕਿ ਜਿਵੇਂ ਸੁਪਨਾ ਅਤੇ ਬਾਜੀਗਰਾਂ ਦੇ ਤਮਾਸ਼ੇ ਮਿਥਿਆ ਹੁੰਦੇ ਹਨ ਇਸ ਤਰ੍ਹਾਂ ਹੀ ਸੰਸਾਰ ਨੂੰ ਮਿਥਿਆ ਸਮਝ, ਇੱਕ ਪਰਮਾਤਮਾ ਤੋਂ ਬਗੈਰ ਕੁਝ ਵੀ ਸਦਾ ਰਹਿਣ ਵਾਲਾ ਨਹੀਂ ਹੈ।

***—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

☆☆☆

# ਸਵਾਲ ਜਵਾਬ ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ।

**12. ਸਵਾਲ: ਸਤਿਕਾਰਯੋਗ ਵੀਰ ਜੀ, ਕਈ ਲੋਕ ਇੰਨੇ ਬੁਰੇ ਹਨ ਕਿ ਸਮਝ ਹੀ ਨਹੀਂ ਆਉਂਦੀ ਕਿ ਉਨ੍ਹਾਂ ਦੀ ਮੱਤ ਇੰਨੀ ਬੁਰੀ ਕਿਉਂ ਹੈ?**

**ਜਵਾਬ:** ਜਦੋਂ ਵੀ ਤੁਹਾਨੂੰ ਕੋਈ ਬੁਰਾ ਨਜ਼ਰ ਆਉਂਦਾ ਹੈ ਤਾਂ ਇਹ ਨਾ ਸੋਚਿਆ ਕਰੋ ਕਿ ਉਹ ਬੁਰਾ ਹੈ, ਬਲਕਿ ਇਹ ਸੋਚਿਆ ਕਰੋ ਕਿ ਕਦੀ ਮੈਂ ਵੀ ਤਾਂ ਇਸ ਤਰ੍ਹਾਂ ਦਾ ਹੀ ਸੀ ਤੇ ਸਤਿਗੁਰੂ ਜੀ ਨੇ ਕਿਰਪਾ ਕਰਕੇ, ਤਰਸ ਕਰਕੇ ਮੇਰੀ ਮੱਤ ਬਦਲ ਦਿੱਤੀ ਹੈ। ਮੇਰੇ ਸਤਿਗੁਰੂ ਜੀ ਨੇ ਜਿਸ ਦਿਨ ਇਸ 'ਤੇ ਵੀ ਨਦਰਿ ਕਰ ਦਿੱਤੀ ਤਾਂ ਪਤਾ ਨਹੀਂ ਇਹ ਮੇਰੇ ਤੋਂ ਵੀ ਅੱਗੇ ਲੰਘ ਜਾਵੇ। ਅਜਿਹਾ ਕਰਨ ਨਾਲ ਹਉਮੈ ਵੀ ਨਹੀਂ ਆਵੇਗੀ ਕਿ ਉਹ ਬੁਰਾ ਹੈ ਤੇ ਮੈਂ ਚੰਗਾ ਹਾਂ। ਦਾਸ ਨੇ ਤਾਂ ਅੱਖੀ ਵੇਖਿਆ ਹੈ ਕਿ ਅੱਜ ਤੋਂ ਕੁਝ ਚਿਰ ਪਹਿਲਾਂ ਕੋਈ ਸਰੀਰ ਰੋਜ਼ ਸ਼ਰਾਬ ਪੀਂਦਾ ਸੀ। ਅੱਜ ਉਸ ਤੇ ਇੰਨੀ ਕ੍ਰਿਪਾ ਹੋ ਗਈ ਕਿ ਗੁਰਦੁਆਰਾ ਸ਼ਹੀਦਾਂ ਸਾਹਿਬ ਅੰਮ੍ਰਿਤ ਵੇਲੇ ਇੱਕ ਚੌਂਕੜੇ ਤੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸਰਵਨ ਕਰਦਾ ਹੈ। ਜਦੋਂ ਗੁਰੂ ਕ੍ਰਿਪਾ ਕਰਦਾ ਹੈ ਤਾਂ ਨੀਚ ਮੈਲੇ ਨੂੰ ਵੀ ਕੰਚਨ ਬਣਾ ਦਿੰਦਾ ਹੈ।

***ਹਮ ਨੀਚ ਮੈਲੇ ਅਤਿ ਅਭਿਮਾਨੀ***
***ਦੂਜੈ ਭਾਇ ਵਿਕਾਰ ॥***
***ਗੁਰਿ ਪਾਰਸਿ ਮਿਲਿਐ ਕੰਚਨੁ ਹੋਏ***
***ਨਿਰਮਲ ਜੋਤਿ ਅਪਾਰ ॥੨॥***

*(ਅੰਗ ੪੨੭)*

***

**13. ਸਵਾਲ: ਸਤਿਕਾਰਯੋਗ ਵੀਰ ਜੀ, ਮੈਂ ਤੁਹਾਡੀ ਇੱਕ ਕੈਸੇਟ ਸੁਣੀ ਹੈ। ਉਸ ਵਿੱਚ ਤੁਸੀਂ ਮਾਲਾ ਫੇਰਨ ਦਾ ਜ਼ਿਕਰ ਕੀਤਾ ਹੈ, ਪਰ ਕਈ ਲੋਕ ਕਹਿੰਦੇ ਹਨ ਕਿ ਮਾਲਾ ਫੜਨੀ ਦਿਖਾਵਾ ਹੁੰਦਾ ਹੈ?**

**ਜਵਾਬ:** ਵੈਸੇ ਤਾਂ ਹਰ ਪ੍ਰਚਾਰਕ ਦੇ ਆਪਣੇ-ਆਪਣੇ ਵਿਚਾਰ ਹਨ, ਪਰ ਜੇ ਅਸੀਂ ਆਪਣੇ ਗੁਰੂ

ਸਾਹਿਬਾਨ ਦਾ ਇਤਿਹਾਸ ਪੜ੍ਹੀਏ ਤਾਂ ਉਨ੍ਹਾਂ ਨੇ ਵੀ ਮਾਲਾ ਨੂੰ ਇਸਤੇਮਾਲ ਕੀਤਾ ਹੈ। ਜਲੰਧਰ ਕੋਲ ਬਿਲਗਾ ਪਿੰਡ ਵਿਖੇ ਅੱਜ ਵੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿਮਰਨਾ ਮੌਜੂਦ ਹੈ। ਬਾਣੀ ਵਿੱਚ ਵੀ ਜ਼ਿਕਰ ਹੈ:

***ਭੂਖੇ ਭਗਤਿ ਨ ਕੀਜੈ ॥***
***ਯਹ ਮਾਲਾ ਅਪਨੀ ਲੀਜੈ ॥***

*(ਅੰਗ ੬੫੬)*

ਜੇ ਮਾਲਾ ਇਸ ਲਈ ਰੱਖੀ ਹੈ ਕਿ ਉਸ ਦੀ ਯਾਦ ਨਾ ਭੁੱਲੇ ਤਾਂ ਕੋਈ ਗੱਲ ਨਹੀਂ। ਜੇ ਮਾਲਾ ਵਿਖਾਵੇ ਲਈ ਰੱਖੀ ਹੈ ਤਾਂ ਫਿਰ ਇਹ ਠੀਕ ਨਹੀਂ।

☆☆☆

14. **ਸਵਾਲ: ਸਤਿਕਾਰਯੋਗ ਵੀਰ ਜੀ, ਆਪ ਜੀ ਦੀਆਂ ਕੈਸਟਾਂ ਸੁਣ ਕੇ ਵਾਹਿਗੁਰੂ ਜੀ ਨੇ ਬਹੁਤ ਕਿਰਪਾ ਕੀਤੀ ਹੈ ਤੇ ਇਹ ਕੋਸ਼ਿਸ਼ ਹੁੰਦੀ ਹੈ ਕਿ ਜੇਕਰ ਕੋਈ ਕੁਝ ਕਹੇ ਤਾਂ ਮਨ ਕਰਦਾ ਹੈ ਕਿ ਉਸ ਨਾਲ ਲੜਾਈ ਨਾ ਕੀਤੀ ਜਾਵੇ ਪਰ ਹਾਲੇ ਵੀ ਇੰਨੀ ਅਵਸਥਾ ਨਹੀਂ ਬਣੀ ਕਿ ਕਿਸੇ ਦੀ ਗੱਲ ਬਰਦਾਸ਼ਤ ਹੋ ਜਾਵੇ। ਜਦੋਂ ਵੀ ਮੈਨੂੰ ਕੋਈ ਕੁਝ ਕਹਿੰਦਾ ਹੈ ਤਾਂ ਬਹੁਤ ਦੇਰ ਤੱਕ ਮਨ ਕਲਪਣਾ ਵਿੱਚ ਘੁਲਦਾ ਰਹਿੰਦਾ ਹੈ। ਇਹ ਮੇਰੇ ਵੱਸ ਵਿੱਚ ਨਹੀਂ ਹੈ। ਇਸ ਲਈ ਆਪ ਜੀ ਕੋਈ ਜੁਗਤੀ ਦੱਸੋ ਕਿ ਇਹ ਗੱਲਾਂ ਮੈਨੂੰ ਤੰਗ ਨਾ ਕਰਨ?**

**ਜਵਾਬ:** ਤੁਹਾਨੂੰ ਜਦੋਂ ਵੀ ਕੋਈ ਇਸ ਤਰ੍ਹਾਂ ਦੀ ਗੱਲ ਤੰਗ ਕਰੇ ਤਾਂ ਤੁਸੀਂ ਚੌਪਈ ਸਾਹਿਬ ਦੇ ਪਾਠ ਦਾ ਨੇਮ ਵਧਾ ਕੇ ਅਰਦਾਸ ਕਰਿਆ ਕਰੋ ਕਿ ਸਤਿਗੁਰੂ ਜੀ, ਇਹ ਗੱਲਾਂ ਮੈਨੂੰ ਤੰਗ ਕਰ ਰਹੀਆਂ ਹਨ। ਆਪ ਜੀ ਕਿਰਪਾ ਕਰੋ, ਕੋਈ ਬਿੱਧ ਬਣਾਓ ਸਤਿਗੁਰੂ ਜੀ ਇਹ ਗੱਲਾਂ ਮੇਰੇ ਅੰਦਰੋਂ ਨਿਕਲ ਜਾਣ। ਵਾਰ-ਵਾਰ ਤਰਲਾ ਪਾਓ-

***ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥***
***ਜਿਸੁ ਸਿਮਰਤ ਅਵਗੁਣ ਸਭਿ ਢਕੀਐ ॥***

*(ਅੰਗ ੧੦੦੪)*

ਜੋ ਔਗੁਣ ਨੂੰ ਪਛਾਣ ਕੇ ਔਗੁਣ ਖਤਮ ਕਰਨ ਲਈ ਤਰਲਾ ਪਾਂਦਾ ਹੈ, ਸਤਿਗੁਰੂ ਉਸ 'ਤੇ ਬਹੁਤ ਮਿਹਰਵਾਨ ਹੁੰਦੇ ਹਨ ਤੇ ਆਪੇ ਕਿਰਪਾ ਕਰਦੇ ਹਨ।

***ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥***

*(ਅੰਗ ੪੩)*

☆☆☆

## ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਿਵਾਰਕ ਮੈਂਬਰਾਂ ਦੇ ਨਾਮ

| | |
|---|---|
| 1. ਪੜਦਾਦਾ ਜੀ- | ਕਲਪਤ ਰਾਏ ਜੀ |
| 2. ਦਾਦਾ ਜੀ- | ਸ਼ਿਵ ਰਾਮ ਜੀ |
| 3. ਦਾਦੀ ਜੀ- | ਮਾਤਾ ਬਨਾਰਸੀ ਜੀ |
| 4. ਪਿਤਾ ਜੀ- | ਕਲਿਆਣ ਦਾਸ ਜੀ |
| 5. ਮਾਤਾ ਜੀ- | ਤ੍ਰਿਪਤਾ ਦੇਵੀ ਜੀ |
| 6. ਭੈਣ ਜੀ- | ਬੇਬੇ ਨਾਨਕੀ ਜੀ |
| 7. ਜੀਜਾ ਜੀ- | ਭਈਆ ਜੈ ਰਾਮ ਜੀ |
| 8. ਮਹਿਲ- | ਮਾਤਾ ਸੁਲੱਖਣੀ ਜੀ |
| 9. ਵੱਡੇ ਸਪੁੱਤਰ ਜੀ- | ਬਾਬਾ ਸ੍ਰੀ ਚੰਦ ਜੀ |
| 10. ਛੋਟੇ ਸਪੁੱਤਰ ਜੀ- | ਬਾਬਾ ਲਖਮੀ ਚੰਦ ਜੀ |
| 11. ਚਾਚਾ ਜੀ- | ਲਾਲ ਚੰਦ ਜੀ |
| 12. ਨਾਨਾ ਜੀ- | ਕ੍ਰਿਸ਼ਨਾ ਜੀ |
| 13. ਨਾਨੀ ਜੀ- | ਭਰੱਈ ਜੀ |
| 14. ਸੁਹਰਾ ਸਾਹਿਬ- | ਮੂਲ ਚੰਦ ਜੀ |
| 15. ਸੱਸ ਮਾਤਾ ਜੀ- | ਚੰਦੋ ਰਾਣੀ ਜੀ |

# ਭਾਈ ਘਨੱਈਆ ਜੀ ਦਾ ਜੀਵਨ

## ਸੇਵਾ ਤੇ ਸਿਮਰਨ ਦੇ ਪੁੰਜ

*—ਸੰਤ ਗਿਆਨੀ ਸੁਰਜੀਤ ਸਿੰਘ (ਸੇਵਾ ਪੰਥੀ)*

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

ਭਾਈ ਘਨੱਈਆ ਜੀ ਮਿੱਠੀ ਸੁਰ ਵਿੱਚ ਸ਼ਬਦ ਨੂੰ ਪੜ੍ਹਦੇ ਕਿਸੇ ਅਨੋਖੀ ਮਸਤੀ ਵਿੱਚ ਤੁਰਦੇ ਜੰਗਲਾਂ ਨੂੰ ਲੰਘ ਕੇ ਦਰੱਖਤਾਂ ਨਾਲ ਲੱਦੇ ਪਹਾੜਾਂ ਵਿੱਚ ਪ੍ਰਵੇਸ਼ ਕਰ ਗਏ। ਰਮਣੀਕ ਅਸਥਾਨ ਦੇਖ ਕੇ ਉੱਥੇ ਹੀ ਰਹਿਣ ਲੱਗ ਪਏ। ਰਾਤ ਦਿਨੇ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰਦਿਆਂ ਅੰਨ-ਜਲ ਵੀ ਤਿਆਗ ਦਿੱਤਾ, ਜਿਸ ਕਰਕੇ ਸਰੀਰ ਕਮਜ਼ੋਰ ਹੋਣਾ ਸ਼ੁਰੂ ਹੋ ਗਿਆ ਪਰ ਆਪ ਜੀ ਨੇ ਸਰੀਰ ਦੀ ਕੋਈ ਪਰਵਾਹ ਨਾ ਕੀਤੀ, ਸਗੋਂ ਰਾਤ-ਦਿਨ ਸਿਮਰਨ ਵਿੱਚ ਹੀ ਲਿਵ ਜੋੜੀ ਰੱਖਦੇ।

ਇੱਕ ਦਿਨ ਸਮਾਧੀ ਵਿੱਚ ਬੈਠਿਆਂ ਨੂੰ ਅਕਾਸ਼ਵਾਣੀ ਹੋਈ ਕਿ "ਹੇ ਭਾਈ ਘਨੱਈਆ ਜੀ! ਡਰੌਲੀ ਜਾਓ।" ਪਰ ਭਾਈ ਘਨੱਈਆ ਜੀ ਨੇ ਸੁਣੀ ਅਣਸੁਣੀ ਕਰ ਦਿੱਤੀ।

ਕੁਝ ਦਿਨਾਂ ਪਿੱਛੋਂ ਫਿਰ ਅਕਾਸ਼ਵਾਣੀ ਹੋਈ ਕਿ 'ਡਰੌਲੀ ਜਾਓ!' ਫਿਰ ਵੀ ਭਾਈ ਘਨੱਈਆ ਜੀ ਨੇ ਸੁਣੀ ਅਣਸੁਣੀ ਕਰ ਦਿੱਤੀ ਤੇ ਨਾਮ-ਸਿਮਰਨ ਵਿੱਚ ਹੀ ਲੀਨ ਰਹੇ।

ਇਸ ਤਰ੍ਹਾਂ ਭੁੱਖਿਆ ਰਹਿ ਕੇ ਸਿਮਰਨ ਕਰਦਿਆਂ ਕਰਦਿਆਂ 22 ਕੁ ਦਿਨ ਬਤੀਤ ਹੋ ਗਏ ਤੇ ਸਰੀਰ ਵੀ ਬਹੁਤ ਕਮਜ਼ੋਰ ਹੋ ਗਿਆ।

ਪੁਨਾ ਤੀਸਰੀ ਵਾਰੀ ਫਿਰ ਅਕਾਸ਼ਵਾਣੀ ਹੋਈ ਕਿ 'ਡਰੌਲੀ ਜਾਓ! ਉੱਥੇ ਹੀ ਤੁਹਾਡੀ ਇੱਛਾ ਪੂਰਨ ਹੋਵੇਗੀ।'

ਇਸ ਤਰ੍ਹਾਂ ਤੀਸਰੀ ਵਾਰੀ ਅਕਾਸ਼ਵਾਣੀ ਨੂੰ ਸੁਣ ਕੇ ਵਾਹਿਗੁਰੂ ਦਾ ਹੁਕਮ ਨਿਸ਼ਚੇ ਕਰਦਿਆਂ ਹੋਇਆਂ ਉੱਥੋਂ ਚੱਲ ਪਏ।

ਕੁਦਰਤ ਦੀ ਨੇਤ ਇੱਕ ਸੰਗ ਮਿਲ ਗਿਆ ਤੇ ਉਸ ਨਾਲ ਰਲ ਗਏ ਜੋ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਨੂੰ ਡਰੌਲੀ ਜਾ ਰਿਹਾ ਸੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਗੁਰੂ ਸਾਹਿਬ ਡਰੌਲੀ ਸਨ ਤੇ ਕਥਾ-ਕੀਰਤਨ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਦੂਰ-ਦੁਰੇਡੇ ਦੀਆਂ ਸੰਗਤਾਂ ਦਰਸ਼ਨਾਂ ਲਈ ਚੱਲ ਕੇ ਆਉਂਦੀਆਂ।

ਸੰਗ ਨਾਲ ਹੀ ਭਾਈ ਘਨੱਈਆ ਜੀ ਡਰੌਲੀ ਪਹੁੰਚ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ। ਦਰਸ਼ਨ ਕਰਦਿਆਂ ਸਾਰ ਹੀ ਮਨ ਮੰਨ ਗਿਆ ਕਿ ਇਨ੍ਹਾਂ ਪਾਸੋਂ ਜ਼ਰੂਰ ਹੀ ਮੇਰੀ ਕਲਿਆਣ ਹੋ ਜਾਵੇਗੀ। ਕਥਾ-ਕੀਰਤਨ ਸਰਵਣ ਕਰ ਕੇ ਮਨ ਵਿੱਚ ਅਤਿਅੰਤ ਪ੍ਰਸੰਨਤਾ ਹੋਈ। ਬਸ ਫਿਰ ਕੀ ਸੀ? ਉੱਥੇ ਹੀ ਤਬੇਲੇ ਵਿਖੇ ਜਾ ਕੇ ਸਤਿਗੁਰਾਂ ਦੇ ਘੋੜਿਆਂ ਦੀ ਸੇਵਾ ਵਿੱਚ ਜੁਟ ਗਏ।

ਬਾਹਰੋਂ ਜਾ ਕੇ ਚੰਗਾ-ਚੰਗਾ ਹਰਿਆ ਘਾਹ ਖੋਤ ਕੇ ਲਿਆਉਣਾ। ਉਸ ਨੂੰ ਛੰਡ-ਝੰਬ ਕੇ ਚੰਗੀ ਤਰ੍ਹਾਂ ਮਿੱਟੀ-ਘੱਟਾ ਲਾਹ ਕੇ ਘੋੜਿਆਂ ਨੂੰ ਖੁਆਉਣਾ। ਪਿੰਡੇ 'ਤੇ ਖਰਕਾ ਮਾਰ-ਮਾਰ ਕੇ ਸਰੀਰ ਨੂੰ ਝਾੜਨਾ, ਪਾਣੀ ਪਿਆਣਾ। ਲਿੱਦ ਚੁੱਕਣੀ, ਸਾਰੇ ਤਬੇਲੇ ਨੂੰ ਧੋਣਾ। ਇਹ ਸਾਰੀ ਸੇਵਾ ਸੰਭਾਲ ਲਈ।

ਪੂਰੀ ਸੇਵਾ ਹੋਣ ਕਰਕੇ ਘੋੜੇ ਨਿੱਖਰ ਪਏ। ਘੋੜਿਆਂ ਦੀਆਂ ਸਿਹਤਾਂ ਚੰਗੀਆਂ ਹੋ ਗਈਆਂ, ਰੰਗ ਚਮਕ ਆਏ। ਇਸ ਦੇ ਨਾਲ-ਨਾਲ ਰੋਜ਼

ਕਥਾ-ਕੀਰਤਨ, ਸਤਿਗੁਰਾਂ ਦੇ ਪਵਿੱਤਰ ਬਚਨ ਸ਼ਰਧਾ ਪ੍ਰੇਮ ਸਹਿਤ ਸੁਣਨੇ। ਫਿਰ ਅੰਮ੍ਰਿਤ ਵੇਲੇ ਉੱਠ ਕੇ ਭਜਨ, ਸਿਮਰਨ ਆਦਿ ਸਾਰੀਆਂ ਨਿੱਤ ਕਿਰਿਆ ਵੀ ਕਰਦੇ ਤੇ ਘੋੜਿਆਂ ਦੀ ਸੇਵਾ ਵੀ ਕਰਦੇ।

ਦਿਨ-ਬ-ਦਿਨ ਭਾਈ ਘਨੱਈਆ ਜੀ ਦਾ ਪਿਆਰ ਸਤਿਗੁਰਾਂ ਦੇ ਚਰਨਾਂ ਨਾਲ ਵੱਧਦਾ ਗਿਆ। ਹਰ ਵੇਲੇ ਹੱਥ ਸੇਵਾ ਵਿੱਚ ਤੇ ਰਸਨਾ ਨਾਮ-ਬਾਣੀ ਵਿੱਚ ਤੇ ਬਿਰਤੀ ਸਤਿਗੁਰਾਂ ਦੇ ਚਰਨਾਂ ਵਿੱਚ ਜੁੜੀ ਰਹਿੰਦੀ।

ਇਧਰ ਅੰਤਰਜਾਮੀ ਘਟ-ਘਟ ਦੇ ਜਾਣਨਹਾਰੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਜੀ ਦੇ ਪ੍ਰੇਮ, ਸ਼ਰਧਾ ਤੇ ਸਿਦਕ ਨੂੰ ਵੇਖ ਕੇ ਤਬੇਲੇ ਵਿੱਚ ਆਉਣ-ਜਾਣ ਲੱਗ ਪਏ ਤੇ ਕਈ ਵਾਰ ਦਰੋਗੇ ਪਾਸੋਂ ਪੁੱਛਦੇ ਕਿ ਅੱਜ ਕਲ੍ਹ ਤਾਂ ਸਭ ਘੋੜੇ ਚੜ੍ਹਦੀ ਕਲਾ ਵਿੱਚ ਹਨ। ਉਹ ਵੀ ਹੌਲੀ ਜਿਹੀ ਕਹਿ ਛੱਡਦਾ, "ਗਰੀਬ ਨਿਵਾਜ! ਸਭ ਆਪ ਜੀ ਦੀਆਂ ਮਿਹਰਾਂ ਹਨ। ਇੱਕ ਸਿੱਖ ਹੈ ਜੋ ਬੜੇ ਪ੍ਰੇਮ ਨਾਲ ਇਨ੍ਹਾਂ ਘੋੜਿਆਂ ਦੀ ਸਾਰੀ ਸੇਵਾ ਕਰਦਾ ਹੈ।" ਇਸ ਤਰ੍ਹਾਂ ਦੇ ਵਾਰਤਾਲਾਪ ਕਰਕੇ ਉਸ ਦਰੋਗੇ ਨਾਲ ਹੀ ਵਾਪਸ ਆ ਜਾਂਦੇ।

ਇੱਕ ਦਿਨ ਮੌਕਾ ਪਾ ਕੇ ਭਾਈ ਘਨੱਈਆ ਜੀ ਨੂੰ ਇਕੱਲਿਆਂ ਜਾਣ ਕੇ ਤਬੇਲੇ ਵੱਲ ਆਏ। ਸਭ ਪਾਸਿਓਂ ਇਕਾਂਤ ਸੀ। ਨੇੜੇ-ਤੇੜੇ ਵੀ ਕੋਈ ਮਨੁੱਖ ਨਹੀਂ ਸੀ। ਜਾ ਕੇ ਦਰਸ਼ਨ ਦੇ ਕੇ ਭਾਈ ਸਾਹਿਬ ਨੂੰ ਨਿਹਾਲ ਕੀਤਾ। ਭਾਈ ਘਨੱਈਆ ਜੀ ਨੇ ਬੜੇ ਪਿਆਰ ਤੇ ਸਿਦਕ ਨਾਲ ਚਰਨਾਂ 'ਤੇ ਮਸਤਕ ਰੱਖ ਕੇ ਮੱਥਾ ਟੇਕਿਆ। ਸਤਿਗੁਰਾਂ ਨੇ ਥਾਪੀ ਦੇ ਕੇ ਉਠਾਇਆ। ਬ੍ਰਹਮ ਪ੍ਰਾਪਤੀ ਦਾ ਉਪਦੇਸ਼ ਦਿੱਤਾ ਅਤੇ ਵਰ ਦਿੱਤਾ- "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰੋਂ ਤੈਨੂੰ ਕੁਨਕਾ ਪ੍ਰਾਪਤ ਹੋਇਆ ਹੈ। ਇਸ ਨੂੰ ਜਿੱਥੇ ਤੂੰ ਆਪ ਛਕ ਕੇ ਅਨੰਦ ਮਾਣੇਂਗਾ, ਉੱਥੇ ਹੋਰਨਾਂ ਨੂੰ ਵੀ ਸੇਵਾ-ਸਿਮਰਨ ਦਾ ਉਪਦੇਸ਼ ਦੇ ਕੇ ਤਾਰਨਾ। ਸਾਰਿਆਂ ਤੋਂ ਉੱਤਮ ਵਸਤੂ ਜੋ ਵਾਹਿਗੁਰੂ ਦਾ ਨਾਮ ਹੈ, ਇਸ ਦਾ ਉਪਦੇਸ਼ ਦੇ ਕੇ ਜਗਤ ਦਾ ਕਲਿਆਣ ਕਰੀਂ। ਰਿੱਧੀਆਂ-ਸਿੱਧੀਆਂ ਤੇਰੇ ਅੱਗੇ-ਪਿੱਛੇ ਲੱਗੀਆਂ ਫਿਰਨਗੀਆਂ। ਤੈਨੂੰ ਕਿਸੇ ਵਸਤੂ ਦੀ ਤੋਟ ਨਹੀਂ ਆਵੇਗੀ।"

ਇਸ ਤਰ੍ਹਾਂ ਦੇ ਵਰ ਦੇ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਪ੍ਰਫੁੱਲਤ ਕਰਨ ਲਈ ਭਾਈ ਘਨੱਈਆ ਜੀ ਨੂੰ ਉੱਥੋਂ ਵਿਦਾ ਕੀਤਾ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਅਸੀਸਾਂ, ਬਖਸ਼ਿਸ਼ਾਂ ਪ੍ਰਾਪਤ ਕਰ, ਹੁਕਮ ਮੰਨਦੇ ਹੋਏ ਭਾਈ ਘਨੱਈਆ ਜੀ ਡਰੌਲੀਓਂ ਤੁਰ ਪਏ। ਰਸਤੇ ਵਿੱਚ ਜਾਂਦਿਆਂ ਜਿਹੋ ਜਿਹਾ ਸਮਾਂ ਦੇਖਦੇ, ਉਸੇ ਤਰ੍ਹਾਂ ਦਾ ਉਪਕਾਰ ਕਰੀ ਜਾਂਦੇ। ਕਿਧਰੇ ਧਰਮਸ਼ਾਲਾ, ਕਿਧਰੇ ਖੂਹ, ਕਿਧਰੇ ਨਾਮ ਦਾ ਉਪਦੇਸ਼ ਦੇ ਕੇ ਦੁਖੀਆਂ ਦੇ ਦੁੱਖ ਦੂਰ ਕਰਦੇ। ਜ਼ਿਲ੍ਹਾ ਕੈਮਲਪੁਰ ਦੇ ਨਗਰ 'ਕਹਵਾ' ਵਿੱਚ ਪਹੁੰਚੇ। ਜੋ ਕੈਮਲਪੁਰ ਤੋਂ ਲਗਭਗ ਬਾਰ੍ਹਾਂ ਕੁ ਕੋਹ ਦੀ ਵਿੱਥ 'ਤੇ ਹੈ। ਉੱਥੇ ਇੱਕ ਧਰਮਸ਼ਾਲਾ ਬਣੀ ਹੋਈ ਸੀ ਜਿਸ ਵਿੱਚ ਯਾਤਰੂ ਤਾਂ ਬਹੁਤ ਆ ਕੇ ਠਹਿਰਦੇ ਸਨ ਪਰ ਪਾਣੀ ਦੀ ਤੰਗੀ ਹੋਣ ਕਰਕੇ ਉਨ੍ਹਾਂ ਨੂੰ ਕਾਫੀ ਕਸ਼ਟ ਉਠਾਉਣਾ ਪੈਂਦਾ ਸੀ।

ਜਿਸ ਵੇਲੇ ਭਾਈ ਘਨੱਈਆ ਜੀ ਉੱਥੇ ਪੁੱਜੇ ਤਾਂ ਪਾਣੀ ਦੀ ਤੰਗੀ ਨੂੰ ਮਹਿਸੂਸ ਕੀਤਾ ਤੇ ਮਨ ਨਾਲ ਵਿਚਾਰ ਕੀਤੀ ਕਿ ਕਿਉਂ ਨਾ ਹੋਵੇ ਇੱਥੇ ਪਾਣੀ ਪਿਆ ਕੇ ਦੁਖੀਆਂ ਦੇ ਦੁੱਖ ਦੂਰ ਕਰ, ਸਤਿਗੁਰਾਂ ਦੇ ਬਚਨਾਂ ਦੀ ਪਾਲਣਾ ਕਰਾਂ।

ਇਸ ਤਰ੍ਹਾਂ ਦੀਆਂ ਵਿਚਾਰਾਂ ਕਰਕੇ ਭਾਈ ਘਨੱਈਆ ਜੀ ਨੇ ਨਗਰ ਵਿੱਚ ਜਾ ਕੇ ਦੋ ਘੜੇ ਖਰੀਦ ਕੇ ਲਿਆਂਦੇ। ਇਸ ਤਰ੍ਹਾਂ ਇਸ ਸੇਵਾ ਵਿੱਚ

ਜੁੱਟ ਗਏ। ਅੰਮ੍ਰਿਤ ਵੇਲੇ ਹੀ ਨਦੀ ਤੋਂ ਦੋ ਘੜੇ ਸਵੇਰੇ ਭਰ ਕੇ ਲੈ ਆਉਂਦੇ, ਜੋ ਉਸ ਧਰਮਸ਼ਾਲਾ ਤੋਂ ਇੱਕ ਕੋਹ ਦੀ ਵਿੱਥ 'ਤੇ ਵਗਦੀ ਸੀ। ਪਾਣੀ ਲਿਆ ਕੇ ਆਏ-ਗਏ ਰਾਹੀ-ਮੁਸਾਫਰਾਂ ਨੂੰ ਪਾਣੀ ਪਿਲਾਉਂਦੇ।

ਇਸ ਤਰ੍ਹਾਂ ਦੀ ਸੇਵਾ ਦੇ ਨਾਲ-ਨਾਲ ਜਿਹੜਾ ਵੀ ਕੋਲ ਜੁੜ ਬੈਠਦਾ, ਉਸ ਨੂੰ ਨਾਮ-ਸਿਮਰਨ ਦਾ ਉਪਦੇਸ਼ ਦੇ ਦਿੰਦੇ। ਇਸ ਤਰ੍ਹਾਂ ਦੀ ਨਿੱਤ-ਕਿਰਿਆ ਕਰਕੇ ਕਈ ਰਾਹਗੀਰ ਮੁਸਾਫਰ ਤੇ ਉੱਥੋਂ ਦੇ ਦੁਰਾਡੇ ਨਗਰ ਵਾਸੀ ਵੀ ਭਾਈ ਘਨੱਈਆ ਜੀ ਦੇ ਪ੍ਰੇਮੀ ਬਣ ਗਏ, ਜਿਨ੍ਹਾਂ ਨੇ ਪਾਣੀ ਵਾਸਤੇ ਉੱਥੇ ਹੋਰ ਕਿਤਨੇ ਹੀ ਘੜੇ ਲਿਆ ਰੱਖੇ।

ਇਸ ਤਰ੍ਹਾਂ ਪ੍ਰੇਮੀਆਂ ਦੇ ਉੱਦਮ ਕਰਕੇ ਉੱਥੇ ਧਰਮਸ਼ਾਲਾ ਦੇ ਨਾਲ ਹੋਰ ਕਮਰੇ ਵੀ ਪੈ ਗਏ, ਮੰਜੀਆਂ-ਬਿਸਤਰੇ ਤੇ ਗੁਰੂ ਦਾ ਅਤੁੱਟ ਲੰਗਰ ਵਰਤਣ ਲੱਗ ਪਿਆ। ਸਵੇਰੇ-ਸ਼ਾਮ ਕਥਾ-ਕੀਰਤਨ ਦੀਆਂ ਧੁਨਾਂ ਗੂੰਜਣ ਲੱਗ ਪਈਆਂ। ਭਾਈ ਘਨੱਈਆ ਜੀ ਨੇ ਕਈਆਂ ਨੂੰ ਨਾਮ-ਸਿਮਰਨ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ। ਨਗਰ ਦੀਆਂ ਸੰਗਤਾਂ ਵੀ ਕਾਫੀ ਆਉਣ ਲੱਗ ਪਈਆਂ ਤੇ ਜੰਗਲ ਵਿੱਚ ਮੰਗਲ ਹੋ ਗਿਆ।

ਇਸ ਤਰ੍ਹਾਂ ਮੁਸਾਫਰਾਂ ਤੇ ਨਗਰ ਵਾਸੀਆਂ ਦੇ ਉੱਦਮ ਕਰਕੇ 250 ਘੜੇ ਤੇ ਕਾਫੀ ਮੰਜੇ-ਬਿਸਤਰੇ ਤੇ ਬਹੁਤ ਹੀ ਕਮਰੇ ਪੈ ਗਏ। ਜਾਤ-ਪਾਤ ਦਾ ਵਿਤਕਰਾ ਕਿਤੇ ਦਿਨੇ ਦੀਵਾ ਬਾਲ ਕੇ ਵੀ ਲੱਭਿਆ ਨਹੀਂ ਸੀ ਲੱਭਦਾ। ਸਭ ਇੱਕੋ ਪੰਗਤ ਵਿੱਚ ਬੈਠ ਕੇ ਗੁਰੂ ਦਾ ਲੰਗਰ ਛੱਕਦੇ।

ਚਾਹੇ ਕੋਈ ਵੀ ਆਉਂਦਾ ਸੀ, ਭਾਈ ਘਨੱਈਆ ਜੀ ਸਭਨਾਂ ਦੀ ਸਮ-ਦ੍ਰਿਸ਼ਟੀ ਨਾਲ ਸੇਵਾ ਕਰਦੇ ਸਨ। ਮੰਜਾ-ਬਿਸਤਰਾ ਤੇ ਅੰਨ-ਜਲ ਛਕਾਉਂਦੇ ਤੇ ਰਹਿਣ ਲਈ ਕਮਰਾ ਵੀ ਦਿੰਦੇ।

ਪਠਾਣ ਨੂਰੀ ਸ਼ਾਹ, ਜੋ ਬੜਾ ਭਾਰੀ ਸੌਦਾਗਰ ਸੀ, ਪਹਿਲੇ ਦੀ ਨਿਆਈਂ ਸੌਦਾਗਰੀ ਕਰਨ ਲਈ ਉਧਰੋਂ ਦੀ ਲੰਘਿਆ। ਐਤਕੀਂ ਦੀ ਵਾਰੀ ਉਸ ਧਰਮਸ਼ਾਲਾ ਦੇ ਵਿਸਥਾਰ ਤੇ ਇਤਨੇ ਜ਼ਿਆਦਾ ਲੋਕਾਂ ਨੂੰ ਦੇਖ ਕੇ ਉਸ ਨੇ ਸੜਕ 'ਤੇ ਜਾਂਦੇ ਇੱਕ ਮਨੁੱਖ ਪਾਸੋਂ ਪੁੱਛਿਆ ਕਿ ਇੱਥੇ ਕੀ ਹੈ ਜੋ ਐਤਕੀਂ ਇੱਥੇ ਇਤਨੇ ਲੋਕ ਇਕੱਠੇ ਹੋਏ ਹਨ?

ਅੱਗੋਂ ਉਸ ਨੇ ਬੜੇ ਪਿਆਰ ਤੇ ਮਿੱਠੇ ਬਚਨਾਂ ਨਾਲ ਕਿਹਾ- "ਹੇ ਖਾਨ ਜੀ! ਇੱਥੇ ਖੁਦਾ-ਪਿਆਰ ਆ ਕੇ ਠਹਿਰਿਆ ਹੋਇਆ ਹੈ, ਇਹ ਸਭ ਉਸ ਦੀ ਬਦੌਲਤ ਹੈ ਜੋ ਕਿ ਸਰ੍ਹਾਂ ਵਿਖੇ ਮੰਗਲਾਚਾਰ ਹੋ ਗਏ ਹਨ। ਜਿੱਥੇ ਕਦੀ ਪਾਣੀ ਦੀ ਛਿੱਟ ਨਹੀਂ ਸੀ ਮਿਲਦੀ, ਅੱਜ ਉੱਥੇ ਉਸ ਸਾਈਂ ਲੋਕ ਦੀ ਮਿਹਰ ਕਰਕੇ ਪਾਣੀ ਦੇ ਨਾਲ-ਨਾਲ, ਰੋਟੀ ਕੱਪੜਾ, ਸੌਣ ਨੂੰ ਕਮਰੇ ਵੀ ਮੁਸਾਫਰਾਂ ਨੂੰ ਮਿਲਦੇ ਹਨ।

ਭਾਈ ਘਨੱਈਆ ਜੀ ਦੀ ਮਹਿਮਾ ਸੁਣ ਕੇ ਉਸ ਨੂਰੀ ਸ਼ਾਹ ਸੌਦਾਗਰ ਦੇ ਮਨ ਵਿੱਚ ਵੀ ਐਸੇ ਪਰਉਪਕਾਰੀ ਜੀਉੜੇ ਦੇ ਦਰਸ਼ਨ ਕਰਨ ਦਾ ਉਤਸ਼ਾਹ ਹੋਇਆ ਤੇ ਕਿਹਾ ਕਿ ਚੱਲ ਕੇ ਮੈਨੂੰ ਵੀ ਦਰਸ਼ਨ ਕਰਵਾਓ।

ਜਿਸ ਵੇਲੇ ਆ ਕੇ ਦਰਸ਼ਨ ਕੀਤਾ, ਸੰਗਤਾਂ ਨੂੰ ਲੰਗਰ ਛਕਦਿਆਂ, ਸੇਵਾਦਾਰਾਂ ਨੂੰ ਸੇਵਾ ਕਰਦਿਆਂ ਤੇ ਕੰਨਾਂ ਵਿੱਚ ਮਿੱਠੀ-ਮਿੱਠੀ ਕੀਰਤਨ ਦੀ ਆਵਾਜ਼ ਸੁਣ ਕੇ ਮਨ ਉੱਥੇ ਹੀ ਮਗਨ ਹੋ ਗਿਆ। ਆਪਾ ਭੁੱਲ ਗਿਆ ਤੇ ਸੋਚਾਂ ਸੋਚਦਾ ਹੈ ਕਿ ਜਿੱਥੇ ਪਾਣੀ ਦੀ ਬੂੰਦ ਨਹੀਂ ਸੀ ਨਿਗਾਹ ਵਿੱਚ ਆਉਂਦੀ ਉੱਥੇ ਜਲ ਹੀ ਜਲ ਹੋਇਆ ਪਿਆ ਹੈ। ਰੋਟੀਆਂ ਖਾਣ ਨੂੰ ਮਿਲਦੀਆਂ ਹਨ, ਹਰ ਤਰ੍ਹਾਂ ਦੇ ਰਾਹੀਆਂ ਨੂੰ ਸੁੱਖ-ਆਰਾਮ ਮਿਲ ਰਿਹਾ ਹੈ।

ਬਸ ਫਿਰ ਕੀ ਸੀ? ਉੱਥੇ ਹੀ ਰਹਿ ਪਿਆ। ਬਾਹਰ ਤੰਬੂ ਲਗਾ ਕੇ ਸਮਾਨ ਰਖਵਾ ਦਿੱਤਾ ਤੇ ਹੋਰਨਾਂ ਵੱਲ ਦੇਖ ਕੇ ਸੇਵਾ ਕਰਨ ਲੱਗ ਪਿਆ। ਇਕ ਇਲਾਹੀ ਰਸ ਆ ਕੇ ਪ੍ਰਾਪਤ ਹੋਇਆ। ਪਰ ਸਮਾਂ ਥੋੜ੍ਹਾ ਜਾਣ ਕੇ ਇੱਕ-ਦੋ ਦਿਨ ਹੀ ਰਹਿ ਕੇ ਤੁਰ ਪਿਆ ਕਿ ਇਹ ਜੋ ਮਾਲ-ਅਸਬਾਬ ਪਿਆ ਹੈ ਇਸ ਨੂੰ ਵੇਚ-ਵੱਟ ਆਵਾਂ। ਫਿਰ ਆ ਕੇ ਇਸ ਸਾਈਂ-ਲੋਕ ਦੀ ਸੇਵਾ ਕਰਾਂਗਾ।

ਇਸ ਤਰ੍ਹਾਂ ਦੇ ਸੰਕਲਪ ਧਾਰ ਕੇ ਚਲਾ ਗਿਆ। ਆਉਂਦੀ ਵਾਰੀ ਨੂਰੀ ਸ਼ਾਹ ਪਠਾਣ ਨੂੰ ਪਾਰਸ ਦੀ ਗੀਟੀ ਮਿਲੀ, ਹੱਥ ਵਿੱਚ ਚੁੱਕ ਕੇ ਪਹਿਚਾਣੀ। ਨਿਸ਼ਚਾ ਕਰ ਕੇ ਕਿ ਇਹ ਪਾਰਸ ਹੀ ਹੈ ਤਾਂ ਇਹ ਸੰਕਲਪ ਫੁਰਿਆ ਇਹ ਉਸ ਫਕੀਰ ਸਾਈਂ ਦੀ ਭੇਟਾ ਕਰਨੀ ਚਾਹੀਦੀ ਹੈ, ਇਸ ਨਾਲ ਉਨ੍ਹਾਂ ਪਾਸ ਧਨ-ਪਦਾਰਥ ਕਾਫੀ ਹੋ ਜਾਏਗਾ ਜਿਸ 'ਤੇ ਆਏ-ਗਏ ਮੁਸਫਰਾਂ ਦੀ ਚੰਗੀ ਟਹਿਲ ਹੋ ਸਕੇਗੀ। ਇਸ ਤਰ੍ਹਾਂ ਦੀਆਂ ਵਿਚਾਰਾਂ ਕਰਦਾ ਜਿਸ ਵੇਲੇ ਉਹ ਕਹਵੇ ਵਾਲੀ ਧਰਮਸ਼ਾਲਾ ਪੁੱਜਾ ਅਤੇ ਭਾਈ ਸਾਹਿਬ ਬਾਰੇ ਪੁੱਛਿਆ।

ਪੁੱਛਣ ਤੋਂ ਪਤਾ ਲੱਗਾ ਕਿ ਐਸ ਵੇਲੇ ਭਾਈ ਘਨੱਈਆ ਜੀ ਨਦੀ ਤੋਂ ਜਲ ਲੈਣ ਗਏ ਹੋਏ ਹਨ ਕਿਉਂਕਿ ਇਤਨੀਆਂ ਸੰਗਤਾਂ ਦੇ ਜੁੜਨ 'ਤੇ ਵੀ ਆਪ ਜੀ ਨੇ ਆਪਣਾ ਪਹਿਲਾ ਨੇਮ (ਪ੍ਰਭਾਤੇ ਦੋ ਘੜੇ ਲਿਆਉਣ ਦਾ) ਛੱਡਿਆ ਨਹੀਂ ਸੀ। ਇੱਕ ਤਾਂ ਆਪ ਇਸ਼ਨਾਨ ਕਰਕੇ ਭਜਨ-ਸਿਮਰਨ ਕਰਦੇ। ਦੂਸਰਾ, ਆਉਂਦੀ ਵਾਰੀ ਦੋ ਘੜੇ ਪਾਣੀ ਭਰ ਕੇ ਲੈ ਆਇਆ ਕਰਦੇ ਸਨ।

ਅੱਜ ਦੇ ਦਿਨ ਵੀ ਭਾਈ ਘਨੱਈਆ ਜੀ ਨਦੀ ਉੱਤੇ ਗਏ ਹੋਏ ਸਨ। ਪਤਾ ਲੱਗਣ 'ਤੇ ਨੂਰੀ ਸ਼ਾਹ ਪਠਾਣ ਵੀ ਮਗਰੇ-ਮਗਰ ਨਦੀ 'ਤੇ ਜਾ ਪੁੱਜਾ। ਜਾ ਕੇ ਨਮਸਕਾਰ ਕਰਕੇ ਪਾਰਸ ਦੀ ਭੇਟਾ ਰੱਖ ਕੇ ਪਾਸ ਹੀ ਬੈਠ ਗਿਆ ਅਤੇ ਕਿਹਾ- "ਹੇ ਫਕੀਰ ਸਾਈਂ! ਇਹ ਪਾਰਸ ਮੈਂ ਆਪ ਜੀ ਵਾਸਤੇ ਲਿਆਇਆ ਹਾਂ, ਇਸ ਨੂੰ ਅੰਗੀਕਾਰ ਕਰੋ।"

ਭਾਈ ਘਨੱਈਆ ਜੀ ਨੇ ਉਸ ਪੱਥਰ ਦੀ ਗੀਟੀ ਵੱਲ ਦੇਖਦਿਆਂ ਹੋਇਆਂ ਕਿਹਾ, "ਇਹ ਪੱਥਰ ਸਾਡੇ ਕਿਸ ਕੰਮ? ਅਸੀਂ ਇਸ ਨੂੰ ਕੀ ਕਰਨਾ ਹੈ?" ਤਾਂ ਨੂਰੀ ਸ਼ਾਹ ਨੇ ਕਿਹਾ- "ਹੇ ਫਕੀਰ ਸਾਈਂ! ਇਹ ਆਮ ਪੱਥਰ ਨਹੀਂ। ਇਹ ਤਾਂ ਅਣਮੁੱਲਾ ਪਾਰਸ ਹੈ ਜੋ ਆਪ ਜੀ ਦੇ ਲੰਗਰ ਚਲਾਉਣ, ਮੁਸਾਫਰਾਂ ਨੂੰ ਆਰਾਮ ਦੇਣ ਲਈ ਸਹਾਇਕ ਸਿੱਧ ਹੋਵੇਗਾ। ਫਿਰ ਇਸ ਦੇ ਹੁੰਦਿਆਂ ਕਿਸੇ ਵਸਤੂ ਦਾ ਘਾਟਾ ਨਹੀਂ ਹੋਵੇਗਾ। ਲੰਗਰ ਪਾਣੀ ਦੀ ਵੀ ਤੋਟ ਨਹੀਂ ਆਵੇਗੀ।

ਤਾਂ ਭਾਈ ਘਨੱਈਆ ਜੀ ਨੇ ਕਿਹਾ, "ਹੇ ਸਾਈਂ ਲੋਕ ਇਹ ਲੰਗਰ ਤਾਂ ਖੁਦਾ ਦਾ ਹੈ। ਖੁਦਾ ਆਪ ਹੀ ਇਸ ਨੂੰ ਚਲਾਉਂਦਾ ਹੈ। ਅਸੀਂ ਤਾਂ ਇਸ ਵਿੱਚ ਇੱਕ ਨਾਮ ਮਾਤਰ ਹੀ ਸੇਵਾਦਾਰ ਹਾਂ। ਇੱਥੋਂ ਦੇ ਸਾਰੇ ਕਾਰਜ ਖੁਦਾ ਆਪ ਹੀ ਕਰਦਾ ਹੈ। ਤੂੰ ਲੰਗਰ ਦਾ ਫਿਕਰ ਨਾ ਕਰ।"

ਪਠਾਣ ਨੇ ਫਿਰ ਨਿਮਰਤਾ ਭਰਪੂਰ ਸ਼ਬਦਾਂ ਵਿੱਚ ਕਿਹਾ- "ਨਹੀਂ, ਫਕੀਰ ਸਾਈਂ ਜੀ! ਮੈਂ ਇਹ ਪਾਰਸ ਆਪ ਜੀ ਦੀ ਭੇਟਾ ਕਰਨ ਵਾਸਤੇ ਲਿਆਇਆ ਹਾਂ, ਆਪ ਇਸਨੂੰ ਜ਼ਰੂਰ ਅੰਗੀਕਾਰ ਕਰੋ।

ਪਠਾਣ ਦੇ ਦੋ-ਤਿੰਨ ਵਾਰੀ ਕਹਿਣ ਤੇ ਭਾਈ ਘਨੱਈਆ ਜੀ ਨੇ ਉਸ ਪਾਰਸ ਨੂੰ ਆਪਣੇ ਹੱਥ ਵਿੱਚ ਲੈਂਦਿਆਂ ਹੋਇਆ ਕਿਹਾ, "ਹੇ ਸਾਈਂ ਲੋਕ! ਇਹ ਸਾਡੀ ਵਸਤੂ ਹੈ?" ਤਾਂ ਪਠਾਣ ਨੇ ਕਿਹਾ, "ਹਾਂ ਜੀ, ਇਹ ਪਾਰਸ ਆਪ ਜੀ ਦਾ ਹੀ ਹੈ।" ਇਸ ਤਰ੍ਹਾਂ

*—ਬਾਕੀ ਹਿੱਸਾ ਪੰਨਾ 32 'ਤੇ ਪੜ੍ਹੋ ਜੀ*

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

# ਠੰਡੇ ਬੁਰਜ ਤੇ ਠੰਡੀਆਂ ਰਾਤਾਂ ਦਾ ਅਨੋਖਾ ਇਤਿਹਾਸ

(VCD 291)

—ਜਸਵਿੰਦਰ ਸਿੰਘ
(ਪਟਿਆਲਾ)

*ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥
ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥
ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥
ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥
ਗਰਬੁ ਨ ਕੀਜੈ ਰੇਣ ਹੋਵੀਜੈ ਤ ਗਤਿ ਜੀਅਰੇ ਤੇਰੀ ॥
ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥੧॥*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਜਦੋਂ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਹੈ, ਜਿੱਥੇ ਪਰਿਵਾਰ ਵਿਛੜਿਆ ਹੈ, ਉੱਥੇ ਅੱਜ ਆਪ ਸਭ ਸੰਗਤਾਂ ਦਰਸ਼ਨ ਕਰਦੀਆਂ ਹੋ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਜੀ ਦੇ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਵੱਡੇ ਸਾਹਿਬਜ਼ਾਦੇ, ਪੰਜ ਪਿਆਰੇ ਅਤੇ ਗੁਰੂ ਸਾਹਿਬ ਦੇ ਹੋਰ ਪਿਆਰੇ ਸਿੱਖ ਇਨ੍ਹਾਂ ਨੇ ਚਮਕੌਰ ਦੀ ਗੜ੍ਹੀ ਵੱਲ ਚਾਲੇ ਪਾ ਦਿੱਤੇ। ਧੰਨ ਮਾਤਾ ਸੁੰਦਰ ਕੌਰ ਜੀ, ਧੰਨ ਮਾਤਾ ਸਾਹਿਬ ਕੌਰ ਜੀ ਇਨ੍ਹਾਂ ਨੂੰ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਜੀ ਅਤੇ ਭਾਈ ਜਵਾਹਰ ਸਿੰਘ ਜੀ ਦੇ ਨਾਲ ਪਹਿਲੇ ਹੀ ਦਿੱਲੀ ਵੱਲ ਤੋਰ ਦਿੱਤਾ ਸੀ। ਛੋਟੇ ਸਾਹਿਬਜ਼ਾਦੇ ਤੇ ਧੰਨ ਮਾਤਾ ਗੁਜਰ ਕੌਰ ਜੀ ਸਰਸਾ ਨਦੀ ਦੇ ਕਿਨਾਰੇ-ਕਿਨਾਰੇ ਹੁੰਦੇ ਹੋਏ ਪਹੁੰਚੇ ਹਨ, ਪਿੰਡ ਚੱਕ ਢੇਰਾਂ (ਜ਼ਿਲ੍ਹਾ ਰੋਪੜ)। ਰਾਤ ਪੈ ਗਈ। ਇੱਥੇ ਹੁਣ ਕਿਸ ਦੇ ਘਰ ਰਾਤ ਕੱਟੀ ਹੈ? ਪਹਿਲੀ ਰਾਤ ਕੱਟੀ ਬੇੜੀ ਦੇ ਮਲਾਹ ਕੁੰਮਾ ਮਾਸ਼ਕੀ ਜੀ ਦੀ ਛੰਨ (ਝੁੱਗੀ) ਵਿੱਚ। ਹੁਣ ਇੱਥੇ ਗੁਰਦੁਆਰਾ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ (ਯਾਦਗਾਰ ਛੰਨ ਬਾਬਾ ਕੁੰਮਾ ਮਾਸ਼ਕੀ ਜੀ) ਮੌਜੂਦ ਹੈ। ਗੰਗੂ ਬ੍ਰਾਹਮਣ ਇੱਥੇ ਆ ਕੇ ਮਿਲਿਆ ਸੀ ਤੇ ਇੱਥੋਂ ਇਨ੍ਹਾਂ ਤਿੰਨਾਂ ਰੱਬੀ ਰੂਹਾਂ ਨੂੰ ਆਪਣੇ ਨਾਲ ਲੈ ਗਿਆ। ਕਿੱਥੇ ਲੈ ਗਿਆ? ਆਪਣੇ ਜੱਦੀ ਪਿੰਡ ਸਹੇੜੀ। ਗੰਗੂ ਬ੍ਰਾਹਮਣ ਨੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਪਿੰਡ ਤੋਂ ਥੋੜ੍ਹੀ ਦੂਰ ਇੱਕ ਕੁਟੀਆ ਵਿੱਚ ਬਿਠਾ ਦਿੱਤਾ। ਉਸ ਸਮੇਂ ਉੱਥੇ ਘਣਾ ਜੰਗਲ ਸੀ ਅਤੇ ਆਪ ਆਪਣੇ ਪਿੰਡ ਇਹ ਵੇਖਣ ਚਲਾ ਗਿਆ ਕਿ ਆਸ-ਪਾਸ ਕੋਈ ਮੁਗ਼ਲ ਤਾਂ ਨਹੀਂ ਹੈ। ਇੱਥੋਂ ਫਿਰ ਗੰਗੂ ਬ੍ਰਾਹਮਣ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਲੈ ਆਇਆ। ਇੱਥੇ ਨਿਵਾਸ ਕਰਵਾਇਆ, ਪ੍ਰਸ਼ਾਦੇ-ਪਾਣੀ ਨਾਲ ਸੇਵਾ ਕੀਤੀ। ਗੰਗੂ ਗੁਰੂ ਘਰ ਦੇ ਲੰਗਰ ਵਿੱਚ ਸੇਵਾਦਾਰ ਸੀ। ਦੂਸਰੀ ਰਾਤ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਗੰਗੂ ਦੇ ਪਿੰਡ ਸਹੇੜੀ ਵਿੱਚ ਉਸਦੇ ਘਰ ਕੱਟੀ ਸੀ ਜਿੱਥੇ ਹੁਣ ਗੁਰਦੁਆਰਾ ਅਟਕ ਸਾਹਿਬ ਸੁਭਾਇਮਾਨ ਹੈ। ਪਹਿਲਾਂ ਇਸ ਗੁਰਦੁਆਰਾ ਸਾਹਿਬ ਦਾ ਨਾਮ ਗੁ: ਭਿਆਨਕ ਰਾਤ ਦੀ ਚੀਸ ਸੀ। ਬਾਅਦ ਵਿੱਚ ਇਸ

ਗੁਰਦੁਆਰਾ ਸਾਹਿਬ ਦਾ ਨਾਮ ਗੁ: ਅਟਕ ਸਾਹਿਬ ਰੱਖਿਆ ਗਿਆ ਕਿਉਂਕਿ ਪੰਜਾਬੀ ਵਿੱਚ ਅਟਕ ਦਾ ਮਤਲਬ ਰੁੱਕਣਾ ਜਾਂ ਆਰਾਮ ਕਰਨਾ ਹੈ।

ਮਾਤਾ ਜੀ ਪਾਸ ਮੋਹਰਾਂ ਦੀ ਥੈਲੀ ਵੇਖ ਕੇ ਗੰਗੂ ਦੀ ਨੀਯਤ ਬਦਲ ਗਈ। ਅਰਦਾਸ ਕਰਨਾ, ਗੁਰੂ ਸਾਹਿਬ ਮੋਹ ਮਾਇਆ ਦੇ ਇਸ ਭਰਮ ਜਾਲ ਤੋਂ ਬਚਾਅ ਕੇ ਰੱਖਣ। ਮਾਇਆ ਨੇ ਦਿਮਾਗ ਖਰਾਬ ਕਰ ਦਿੱਤਾ ਤੇ ਸੋਚਣ ਲੱਗਾ ਕਿ ਜੇ ਮੈਂ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਫੜਾ ਦਿਆਂ, ਇਹ ਮਾਇਆ ਵੀ ਮੇਰੀ ਤੇ ਇਨਾਮ ਵੀ ਮੇਰਾ। ਦੋ ਪਾਸਿਓਂ ਕਾਰਜ ਹੋਵੇਗਾ। ਫਿਰ ਗੰਗੂ ਨੇ ਜਿਤਨੀ ਮਾਇਆ ਦੀਆਂ ਮੋਹਰਾਂ ਸੀ ਸਾਰੀਆਂ ਛੁਪਾ ਦਿੱਤੀਆਂ ਤੇ ਰੌਲਾ ਪਾ ਦਿੱਤਾ, ਮਾਇਆ ਚੋਰੀ ਹੋ ਗਈ। ਮਾਤਾ ਗੁਜਰ ਕੌਰ ਜੀ ਨੇ ਕੋਲ ਬੁਲਾ ਕੇ ਆਖਿਆ ਕਿ ਭਾਈ ਰੌਲਾ ਨਾ ਪਾ। ਮੋਹਰਾਂ ਇੱਥੇ ਹੀ ਹੋਣੀਆਂ ਨੇ ਘਰ ਵਿੱਚ ਬਾਹਰੋਂ ਕੋਈ ਨਹੀਂ ਆਇਆ ਘਰ ਵਿੱਚ ਹੀ ਹੋਣਗੀਆਂ। ਗੰਗੂ ਰਾਮ ਮੋਹਰਾਂ ਤੂੰ ਹੀ ਕਿਤੇ ਰੱਖ ਕੇ ਭੁੱਲ ਗਿਆ ਹੈਂ। ਉਸਨੇ ਇਤਨੀ ਗੱਲ ਦਾ ਗੁੱਸਾ ਕੀਤਾ। ਆਪਣੇ ਪਿੰਡ ਦੇ ਚੌਧਰੀ ਨੂੰ ਨਾਲ ਲੈ ਕੇ ਮੋਰਿੰਡਾ ਥਾਣਾ ਕੋਤਵਾਲੀ ਵਿੱਚ ਪਹੁੰਚ ਗਿਆ। ਇੱਥੇ ਉਸ ਸਮੇਂ ਦੋ ਥਾਣੇਦਾਰ ਜਾਨੀ ਖਾਂ, ਮਾਨੀ ਖਾਂ ਡਿਊਟੀ ਕਰਦੇ ਸਨ। ਉਨ੍ਹਾਂ ਨੂੰ ਦੱਸਿਆ ਕਿ ਮੇਰੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਿਰਧ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਬੈਠੇ ਹਨ, ਤੁਸੀਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਓ।

ਗੁਰਦੁਆਰਾ ਸ੍ਰੀ ਰੱਥ ਸਾਹਿਬ ਪਿੰਡ ਸਹੇੜੀ ਦੇ ਬਾਹਰ, ਮੁੱਖ ਮੋਰਿੰਡੇ ਤੋਂ ਰੋਪੜ ਰੋਡ ਉੱਪਰ ਸਥਿਤ ਹੈ। ਇਸ ਅਸਥਾਨ ਤੋਂ ਜਾਨੀ ਖਾਂ, ਮਾਨੀ ਖਾਂ ਮਾਤਾ ਜੀ ਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਮੋਰਿੰਡੇ ਥਾਣਾ ਕੋਤਵਾਲੀ ਵਿੱਚ ਲੈ ਆਏ। ਇੱਥੇ ਕੋਤਵਾਲੀ ਵਿੱਚ ਬੰਦ ਕਰ ਦਿੱਤਾ। ਇੱਕ ਰਾਤ ਇੱਥੇ ਰੱਖਿਆ ਗਿਆ। ਨਾ ਰਾਤ ਨੂੰ ਰੋਟੀ-ਪਾਣੀ, ਨਾ ਠੰਡ ਤੋਂ ਬਚਣ ਲਈ ਕੱਪੜਾ ਦਿੱਤਾ। ਤੀਸਰੀ ਰਾਤ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੇ ਇੱਥੇ ਕੱਟੀ ਜਿੱਥੇ ਹੁਣ ਗੁਰਦੁਆਰਾ ਕੋਤਵਾਲੀ ਸਾਹਿਬ (ਮੋਰਿੰਡਾ) ਸੁਭਾਇਮਾਨ ਹੈ। ਅਗਲੇ ਦਿਨ ਸਵੇਰ ਹੁੰਦਿਆਂ ਸਾਰ ਹੀ ਗੱਡੀਆਂ ਵਿੱਚ ਬਿਠਾ ਕੇ ਸਰਹਿੰਦ ਨੂੰ ਲੈ ਗਏ।

ਗੁਰਦੁਆਰਾ ਗੁਪਤ ਖਜ਼ਾਨਾ ਗੋਬਿੰਦਸਾਗਰ ਸਾਹਿਬ (ਪਿੰਡ ਸਹੇੜੀ) ਇਹ ਉਹ ਅਸਥਾਨ ਹੈ ਜਿੱਥੇ ਗੰਗੂ ਨੇ ਮਾਤਾ ਜੀ ਦੀਆਂ ਚੋਰੀ ਕੀਤੀਆਂ ਮੋਹਰਾਂ ਦੀ ਥੈਲੀ ਨੂੰ ਛੁਪਾਇਆ ਸੀ। ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਗ੍ਰਿਫਤਾਰੀ ਤੋਂ ਬਾਅਦ ਜਦੋਂ ਗੰਗੂ ਅਗਲੇ ਦਿਨ ਇਸ ਥਾਂ 'ਤੇ ਆਇਆ ਤਾਂ ਮਾਇਆ ਦੀ ਥੈਲੀ ਦੇ ਕੋਲ ਇੱਕ ਵੱਡਾ ਭਾਰੀ ਸੱਪ ਬੈਠਾ ਸੀ, ਗੰਗੂ ਉਸ ਸੱਪ ਨੂੰ ਵੇਖ ਕੇ ਭੱਜ ਗਿਆ। ਕਹਿੰਦੇ ਹਨ, ਫਿਰ ਉਹ ਮਾਇਆ ਇਸ ਜਗ੍ਹਾ ਤੋਂ ਅਲੋਪ ਹੋ ਗਈ।

ਸੰਗਤ ਜੀ, ਹੁਣ ਇੱਥੋਂ ਸਿੱਖਿਆ ਲੈਣੀ। ਮਾਇਆ ਉਹੀ ਹੈ। ਜੇ ਉਸ ਗੰਗੂ ਬ੍ਰਾਹਮਣ ਨੂੰ ਮਾਇਆ ਦੀ ਲੋੜ ਸੀ ਤਾਂ ਮੰਗ ਕੇ ਲੈ ਲੈਂਦਾ ਤੇ ਅੰਮ੍ਰਿਤ ਸੀ ਪਰ ਉਹ ਚੀਜ਼ ਗਲਤ ਢੰਗ ਨਾਲ ਲਈ ਤੇ ਜ਼ਹਿਰ ਬਣ ਗਈ। ਬੜੀ ਵੱਡੀ ਸਿੱਖਿਆ ਹੈ। ਬਹੁਤ ਵੱਡੀ ਸੋਝੀ ਹੈ। ਜਿੰਨਾ ਬਚ ਕੇ ਰਹਿ ਸਕੋ, ਜ਼ਰੂਰ ਰਹਿਣਾ। ਬਾਬਾ ਜੀ ਦੇ ਗੁਰਬਾਣੀ ਵਿੱਚ ਬਚਨ ਹਨ:

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ ॥*

*(ਅੰਗ ੬੪੩)*

**ਮਾਇਆ ਦਾ ਮੁੱਢ ਕੀ ਹੈ? ਲੋਭ। ਇੱਕ ਹੈ-ਲੋਭ ਵਿੱਚ ਹਰ ਵੇਲੇ ਰਹਿਣਾ। ਦੂਜਾ ਹੈ- ਲੋਭ ਦਬਿਆ ਜਾਣਾ ਤੇ ਤੀਜਾ ਹੈ- ਲੋਭ ਜ਼ਿੰਦਗੀ ਵਿੱਚੋਂ ਨਿਕਲ ਜਾਣਾ।** ਦਾਸ ਦੀ ਸਾਰੀ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਅਰਦਾਸ ਕਰਿਆ ਕਰੋ ਕਿ ਕੋਈ ਚੀਜ਼ ਦਬੀ ਨਾ ਰਵ੍ਹੇ, ਨਿਕਲ ਹੀ ਜਾਵੇ। ਦਬੀ ਰਹੀ ਤੇ ਫਿਰ ਆ ਸਕਦੀ ਹੈ। ਨਿਕਲ ਜਾਵੇ, ਜੀਵਨ ਵਿੱਚੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਹੋ ਜਿਹੀ ਕਿਰਪਾ ਕਰ ਦੇਣੀ।

ਜਦੋਂ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਤੋਂ ਸਰਹਿੰਦ ਲਿਆਂਦਾ ਗਿਆ ਤਾਂ ਸੂਬਾ ਸਰਹਿੰਦ ਵਜੀਦ ਖਾਂ ਨੇ ਹੁਕਮ ਕੀਤਾ ਕਿ ਇਨ੍ਹਾਂ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿਓ। ਸਵੇਰੇ ਕਚਹਿਰੀ ਲਗਾਵਾਂਗੇ। ਇੰਨੀ ਸੀਤ ਲਹਿਰ, ਠੰਡੀ ਹਵਾ, ਕੜਾਕੇ ਦੀ ਸਰਦੀ ਤੇ ਕੋਈ ਕੱਪੜਾ ਲੀੜਾ ਵੀ ਕੋਲ ਨਹੀਂ। ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ।

ਹੁਣ ਇਤਿਹਾਸ ਵਿੱਚ ਇੱਕ ਨਾਂ ਆਇਆ ਹੈ ਬਾਬਾ ਮੋਤੀ ਰਾਮ ਮਹਿਰਾ ਜੀ। ਇਨ੍ਹਾਂ ਨੇ ਕਮਾਲ ਹੀ ਕਰ ਦਿੱਤੀ। ਬਾਬਾ ਮੋਤੀ ਰਾਮ ਮਹਿਰਾ ਜੀ ਆਪਣੀ ਘਰਵਾਲੀ ਨੂੰ ਕਹਿੰਦੇ ਹਨ, ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਠੰਡੇ ਬੁਰਜ ਵਿਚ ਕੈਦ ਹਨ। ਇੰਨੀ ਠੰਡ ਹੈ, ਠੰਡੀਆਂ ਹਵਾਵਾਂ ਚੱਲ ਰਹੀਆਂ ਹਨ ਤੇ ਉਨ੍ਹਾਂ ਨੂੰ ਨਾ ਕੋਈ ਕੱਪੜਾ ਲੀੜਾ ਦਿੱਤਾ ਗਿਆ ਹੈ ਤੇ ਨਾ ਹੀ ਕੁਝ ਖਾਣ ਨੂੰ ਦਿੱਤਾ ਗਿਆ ਹੈ। ਬਾਬਾ ਮੋਤੀ ਰਾਮ ਮਹਿਰਾ ਜੀ ਕਹਿੰਦੇ, ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੇ ਰੂਹਾਨੀ ਚਿਹਰੇ ਦੇਖ ਕੇ ਮੇਰਾ ਦਿਲ ਕਰਦਾ ਹੈ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਗਰਮ-ਗਰਮ ਦੁੱਧ ਛਕਾਈਏ ਪਰ ਪਹਿਰਾ ਬੜਾ ਤਕੜਾ ਹੈ। ਹਰ ਦਸ ਫੁੱਟ ਬਾਅਦ, ਪੰਦਰਾਂ ਫੁੱਟ ਬਾਅਦ, ਵੀਹ ਫੁੱਟ ਬਾਅਦ ਅਲੱਗ-ਅਲੱਗ ਪਹਿਰੇਦਾਰ ਖੜ੍ਹੇ ਹਨ। ਹੁਣ ਇੱਥੇ ਤੁਹਾਡਾ ਸਾਰਿਆਂ ਦਾ ਸੀਸ ਝੁਕੇਗਾ ਅੱਗੋਂ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਘਰਵਾਲੀ ਕੀ ਕਹਿੰਦੀ ਹੈ ਕਿ ਮੇਰੇ ਜਿਤਨੇ ਗਹਿਣੇ ਹਨ, ਇਹ ਲੈ ਜਾਓ। ਜਿਹੜਾ ਵੀ ਸਿਪਾਹੀ ਪਹਿਰੇ ਤੇ ਖੜ੍ਹਾ ਹੋਵੇ, ਉਸ ਨੂੰ ਗਹਿਣਿਆਂ ਦਾ ਲਾਲਚ ਦੇ ਕੇ ਥੋੜ੍ਹੇ-ਥੋੜ੍ਹੇ ਗਹਿਣੇ ਦੇ ਕੇ ਅੱਗੇ ਲੰਘੀਂ ਜਾਣਾ। ਅੰਦਰ ਇੱਕੋ ਚਾਅ ਸੀ ਕਿ ਸਾਰੇ ਗਹਿਣੇ ਜਾਂਦੇ ਨੇ ਚਲੇ ਜਾਣ ਪਰ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਰਸਨਾ ਨੂੰ ਦੁੱਧ ਦੀ ਹਾਜ਼ਰੀ ਲੱਗ ਜਾਵੇ।

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥***

***(ਤ੍ਵ ਪ੍ਰਸਾਦਿ ਸ੍ਵਯੇ)***

ਇਹ ਕਿਹੜੀ ਅਵਸਥਾ ਹੈ? ਵੈਸੇ ਤਾਂ ਔਰਤ ਆਪਣੀ ਇੱਕ ਮੁੰਦਰੀ ਵੀ ਨਹੀਂ ਦਿੰਦੀ। ਇੱਕ ਵਾਲੀ ਵੀ ਨਹੀਂ ਦਿੰਦੀ ਕਿਉਂਕਿ ਉਸ ਨੂੰ ਗਹਿਣਿਆਂ ਨਾਲ ਪਿਆਰ ਹੁੰਦਾ ਹੈ। ਇਹ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਘਰਵਾਲੀ ਦੇ ਅੰਦਰ ਕਿਹੜੀ ਅਵਸਥਾ ਹੋਵੇਗੀ ਜਿਨ੍ਹਾਂ ਨੇ ਆਪਣੇ ਸਾਰੇ ਹੀ ਗਹਿਣੇ ਦੇ ਦਿੱਤੇ ਤੇ ਆਪਣੇ ਪਤੀ ਨੂੰ ਕਹਿੰਦੇ ਹਨ, ਜਿਹੜਾ ਸਿਪਾਹੀ ਪਹਿਰੇ ਤੇ ਖੜ੍ਹਾ ਹੈ, ਉਸ ਨੂੰ ਕਹਿਣਾ ਤੂੰ ਇਹ ਗਹਿਣੇ ਲੈ ਲੈ। ਕਿਹੜਾ ਕੁਝ ਕਰਨਾ ਹੈ। ਦੁੱਧ ਹੀ ਤਾਂ ਛਕਾਉਣਾ ਹੈ ਬਸ ਇੰਨੀ ਕੁ ਆਗਿਆ ਦੇ ਦਿਓ। ਕਿੰਨੀ ਵੱਡੀ ਪਕੜ ਦਾ ਤਿਆਗ ਹੈ। ਸ਼ਾਇਦ ਇਸੇ ਅਵਸਥਾ ਨੂੰ ਆਖਿਆ ਹੈ:

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥***

***(ਅੰਗ ੯੧੮)***

ਅਗਲੀ ਗੱਲ ਸੁਣ ਕੇ ਤੁਸੀਂ ਹੈਰਾਨ ਹੋਵੋਗੇ ਕਿ ਬਾਬਾ ਮੋਤੀ ਰਾਮ ਮਹਿਰਾ ਜੀ ਜਿਤਨੇ ਗਹਿਣੇ ਘਰਵਾਲੀ ਨੇ ਦਿੱਤੇ ਹਰ ਪਹਿਰੇਦਾਰ ਨੂੰ ਉਹ ਗਹਿਣੇ ਫੜਾਉਂਦੇ-ਫੜਾਉਂਦੇ ਅੱਗੇ ਜਾ ਰਹੇ ਹਨ। ਫਿਰ ਜਦੋਂ ਜਾ ਕੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ

ਗਰਮ-ਗਰਮ ਦੁੱਧ ਛਕਾਇਆ, ਇੰਨੀ ਸ਼ਾਂਤੀ ਮਿਲੀ, ਇੰਨੀ ਸ਼ਾਂਤੀ ਮਿਲੀ ਕਿ ਬੇਸ਼ੱਕ ਕਿਤਨੇ ਸੋਨੇ ਦੇ ਗਹਿਣੇ ਚਲੇ ਗਏ ਪਰ ਇਹ ਹਾਜ਼ਰੀ ਦਰਗਾਹੀ ਲੱਗ ਗਈ। ਬਾਅਦ ਵਿੱਚ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਸਾਰਾ ਪਰਿਵਾਰ ਸਰਹਿੰਦ ਦੇ ਨਵਾਬ ਵਜੀਦ ਖਾਂ ਨੇ ਕੋਹਲੂ ਵਿੱਚ ਪੀੜ ਦਿੱਤਾ ਕਿ ਤੂੰ ਦੁੱਧ ਕਿਉਂ ਛਕਾਇਆ ਹੈ। ਹੁਣ ਇੱਥੇ ਕੀ ਕਹੋਗੇ? ਸਾਰੇ ਗਹਿਣੇ ਵੀ ਦੇ ਦਿੱਤੇ, ਸਾਰਾ ਪਰਿਵਾਰ ਕੋਹਲੂ ਵਿੱਚ ਪੀੜਿਆ ਗਿਆ ਕਿਸ ਕਰਕੇ ਇੱਕ ਦੁੱਧ ਛਕਾਉਣ ਦੀ ਖਾਤਿਰ। ਕਦੀ ਦਰਸ਼ਨ ਕਰਨ ਜਾਓ, ਸ੍ਰੀ ਫਤਹਿਗੜ੍ਹ ਸਾਹਿਬ ਤੇ ਉੱਥੇ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਅਸਥਾਨ ਹੈ ਜਿੱਥੇ ਉਹ ਪਾਵਨ ਗਿਲਾਸ ਅੱਜ ਵੀ ਸੁਭਾਇਮਾਨ ਹਨ ਜਿਨ੍ਹਾਂ ਵਿੱਚ ਸਾਹਿਜ਼ਾਦਿਆਂ ਤੇ ਮਾਤਾ ਜੀ ਨੇ ਦੁੱਧ ਛਕਿਆ ਸੀ।

ਦਾਸ ਬੈਠਾ-ਬੈਠਾ ਸੋਚ ਰਿਹਾ ਸੀ ਕਿ ਜਦੋਂ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਪਰਿਵਾਰ ਨੂੰ ਕੋਹਲੂ ਵਿੱਚ ਪੀੜਿਆ ਹੋਵੇਗਾ, ਸ਼ਹੀਦੀ ਹੋ ਗਈ ਹੋਵੇਗੀ ਤੇ ਇਨ੍ਹਾਂ ਰੂਹਾਂ ਨੂੰ ਸੱਚਖੰਡ ਵਿੱਚ ਕਿੰਨੀ ਉੱਚੀ ਜਗ੍ਹਾ ਮਿਲੀ ਹੋਵੇਗੀ ਕਿ ਤੁਹਾਡੀ ਸ਼ਹੀਦੀ ਦਾ ਕਾਰਨ ਗੁਰੂ ਨਾਲ ਪਿਆਰ ਹੈ। ਸੱਚੀ ਪ੍ਰੀਤ ਹੈ। ਇਨ੍ਹਾਂ ਰੂਹਾਂ ਨੂੰ ਦਰਗਾਹ ਵਿੱਚ ਕਿੰਨੀ ਵੱਡੀ ਜਗ੍ਹਾ ਮਿਲੀ ਹੋਵੇਗੀ ਤੇ ਜੇ ਕਿਤੇ ਨਿਰੰਕਾਰ ਨੇ, ਗੁਰੂ ਕਲਗੀਧਰ ਪਿਤਾ ਜੀ ਨੇ ਦੁਬਾਰਾ ਇਨ੍ਹਾਂ ਨੂੰ ਭੇਜਿਆ ਵੀ ਹੋਵੇਗਾ ਤੇ ਕਿੰਨੀਆਂ ਵੱਡੀਆਂ ਹੋਰ ਡਿਊਟੀਆਂ ਦੇ ਕੇ ਭੇਜਿਆ ਹੋਵੇਗਾ। ਐਵੇਂ ਤਾਂ ਨਹੀਂ ਕਹਿੰਦੇ ਕੁਝ ਰੂਹਾਂ ਧਰਤੀ ’ਤੇ ਦਰਗਾਹ ਵਿੱਚੋਂ ਡਿਊਟੀਆਂ ਲੈ ਕੇ ਆਈਆਂ ਹੁੰਦੀਆਂ ਹਨ। ਕਿਉਂ? ਉਨ੍ਹਾਂ ਦੀ ਪਿਛਲੀ ਸੇਵਾ ਅਤਿਅੰਤ ਧੰਨ ਹੁੰਦੀ ਹੈ। ਆਮ ਬੰਦਾ ਕਹਿ ਦਿੰਦਾ ਹੈ। ਭਗਤ ਵਿੱਚ ਤੇ ਮੇਰੇ ਵਿੱਚ ਕੀ ਫ਼ਰਕ ਹੈ। ਸੰਤ ਵਿੱਚ ਤੇ ਮੇਰੇ ਵਿੱਚ ਕੀ ਫ਼ਰਕ ਹੈ? ਉਨ੍ਹਾਂ ਦੇ ਵੀ ਦੋ ਹੱਥ ਹਨ, ਮੇਰੇ ਵੀ ਦੋ ਹੱਥ ਹਨ। ਅੰਗ ਇੱਕੋ ਜਿਹੇ ਹਨ ਪਰ ਪਿਛਲੇ ਸੰਸਕਾਰਾਂ ਵਿੱਚ ਇਹੋ ਜਿਹੀਆਂ ਡਿਊਟੀਆਂ ਨਿਭਾਈਆਂ ਹੁੰਦੀਆਂ ਹਨ ਕਿ ਚਾਬੀਆਂ ਨਾਲ ਮਿਲੀਆਂ ਹੁੰਦੀਆਂ ਹਨ। ਜਾਓ ਹੁਣ ਦੁਨੀਆਂ ਨੂੰ ਤਾਰੋ। ਇਹ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਪਰਿਵਾਰ ਕੋਹਲੂ ਵਿੱਚ ਪੀੜਿਆ ਗਿਆ, ਦੁੱਧ ਛਕਾਉਣ ਕਰਕੇ। ਵੇਖ ਲਓ, ਇੰਨੇ ਸਖ਼ਤ ਪਹਿਰੇ ਵਿੱਚ ਵੀ ਆਪਣੀ ਡਿਊਟੀ ਨਿਭਾਈ। ਇੰਨਾ ਪਿਆਰ ਸੀ ਸਤਿਗੁਰੂ ਜੀ ਤੇ ਸਤਿਗੁਰੂ ਜੀ ਦੇ ਪਰਿਵਾਰ ਨਾਲ।

ਅਗਲੇ ਦਿਨ ਕਚਹਿਰੀ ਲੱਗੀ। ਹੁਣ ਜਿੰਨੀ ਕੁ ਉਮਰ ਹੈ, ਸਾਹਿਬਜ਼ਾਦਿਆਂ ਦੀ ਸੱਤ ਸਾਲ ਤੇ ਨੌਂ ਸਾਲ। ਇੰਨੇ ਕੁ ਬੱਚੇ ਨੂੰ ਤਾਂ ਚਾਰ ਟੋਫੀਆਂ ਦੇ ਕੇ ਵਰਗਲਾ ਲਈਦਾ ਹੈ ਲੇਕਿਨ ਉਸ ਸਮੇਂ ਕਿਹੜੀ ਚੀਜ਼ ਕੰਮ ਆਈ? ਸਾਰੀ ਰਾਤ ਮਾਤਾ ਗੁਜਰ ਕੌਰ ਜੀ ਨੇ ਕੀ ਕੀਤਾ? ਸਾਹਿਬਜ਼ਾਦਿਆਂ ਨੂੰ ਸਾਖੀਆਂ ਸੁਣਾ-ਸੁਣਾ ਕੇ ਬੈਟਰੀ ਚਾਰਜ ਕਰ ਦਿੱਤੀ। ਬੈਟਰੀ ਚਾਰਜ ਕਰ ਦਿੱਤੀ ਕਿ ਤੁਹਾਡੇ ਪੜਦਾਦਾ ਜੀ ਦਾ ਇਹ ਇਤਿਹਾਸ ਹੈ ਕਿ ਕਿਵੇਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਤੱਤੀ ਤਵੀ ਤੇ ਬੈਠਾ ਕੇ ਸੀਸ ਵਿੱਚ ਗਰਮ ਰੇਤ ਪਾ ਕੇ ਸ਼ਹੀਦ ਕੀਤਾ ਗਿਆ ਸੀ। ਤੁਹਾਡੇ ਦਾਦਾ ਜੀ ਦਾ ਇਹ ਇਤਿਹਾਸ ਹੈ ਕਿ ਕਿਵੇਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ, ਦਿੱਲੀ ਵਿੱਚ ਸ਼ਹੀਦ ਕੀਤਾ ਗਿਆ ਸੀ। ਤੁਹਾਡੇ ਵੱਡੇ-ਵਡੇਰਿਆਂ ਦਾ ਇਹ ਇਤਿਹਾਸ ਹੈ। ਬੱਚਿਓ! ਡੋਲ ਨਾ ਜਾਣਾ। ਧਰਮ ਨਹੀਂ ਛੱਡਣਾ।

ਇਤਿਹਾਸ ਵਿੱਚ ਲਿਖਿਆ ਹੈ ਕਿ ਪਹਿਰੇਦਾਰਾਂ ਨੇ ਵਜੀਦ ਖਾਂ ਦੀ ਕਚਹਿਰੀ ਦਾ ਵੱਡਾ ਬੂਹਾ ਨਹੀਂ ਖੋਲ੍ਹਿਆ ਬਲਕਿ ਛੋਟਾ ਬੂਹਾ ਖੋਲ੍ਹਿਆ ਹੈ। ਉਨ੍ਹਾਂ ਦੀ ਸਕੀਮ ਕੀ ਸੀ? ਜਦੋਂ ਛੋਟੇ ਬੂਹੇ ਵਿੱਚੋਂ ਲੰਘਣਗੇ ਤਾਂ ਸਿਰ ਝੁਕਾ ਕੇ ਲੰਘਣਾ ਪਏਗਾ ਤੇ ਅਸੀਂ ਕਹਾਂਗੇ ਕਿ ਇਨ੍ਹਾਂ ਨੇ ਸਾਨੂੰ ਸਲਾਮ ਕੀਤੀ ਹੈ ਪਰ ਸਾਹਿਬਜ਼ਾਦੇ ਜਦੋਂ ਛੋਟੇ ਬੂਹੇ ਵਿੱਚੋਂ ਲੰਘਣ ਲੱਗੇ ਤਾਂ ਪਹਿਲਾਂ ਸਿਰ ਨਹੀਂ ਵਾੜਿਆ, ਜੁੱਤੀ ਵਾੜੀ ਹੈ। ਪਹਿਲੇ

ਅੰਦਰ ਆਪਣੇ ਚਰਨ ਵਾੜੇ ਹਨ, ਮਾਤਾ ਜੀ ਨੇ ਐਸੀ ਬੈਟਰੀ ਚਾਰਜ ਕੀਤੀ ਸੀ ਕਿ ਜਦੋਂ ਕਚਹਿਰੀ ਅੰਦਰ ਵੜੇ ਹੀ ਹਨ ਤੇ ਉੱਚੀ ਸਾਰੀ ਕੀ ਬੁਲਾਇਆ?

***ਵਾਹਿਗੁਰੂ ਜੀ ਕਾ ਖਾਲਸਾ ॥***

***ਵਾਹਿਗੁਰੂ ਜੀ ਕੀ ਫਤਹਿ ॥***

ਜਦੋਂ ਗਜ ਕੇ ਫਤਹਿ ਬੁਲਾਈ, ਕਚਹਿਰੀ ਹਿਲ ਗਈ। ਇਹ ਮਾਤਾ ਜੀ ਦੀਆਂ ਸਾਖੀਆਂ ਨੇ ਬੈਟਰੀ ਚਾਰਜ ਕੀਤੀ ਸੀ। ਜਿੰਨੀਆਂ ਭੈਣਾਂ, ਵੀਰ ਤੁਸੀਂ ਵੀ ਆਪਣੇ ਬੱਚਿਆਂ ਪ੍ਰਤੀ ਡਿਊਟੀ ਜ਼ਰੂਰ ਨਿਭਾਓ। ਆਪਾਂ ਆਪਣੇ ਫਰਜ਼ ਤੋਂ ਪਾਸੇ ਨਾ ਹੋਈਏ। ਅਸੀਂ ਸਾਰੇ ਬਾਬਾ ਨੰਦ ਸਿੰਘ ਜੀ ਦਾ ਬਚਨ ਜ਼ਰੂਰ ਯਾਦ ਰੱਖੀਏ। **ਬਾਬਾ ਜੀ ਕਹਿੰਦੇ, ਜਦੋਂ ਬੱਚਾ ਜਨਮ ਲੈਂਦਾ ਹੈ, ਇੱਕ ਸਾਲ ਤੱਕ ਦਾਦਾ-ਦਾਦੀ ਜਾਂ ਮਾਤਾ-ਪਿਤਾ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦਾ ਬੱਚੇ ਨੂੰ ਰੋਜ਼ ਸਰਵਣ ਕਰਵਾਉਣ। ਭਾਵੇਂ ਬੱਚੇ ਨੂੰ ਖੇਡਦਿਆਂ ਕਰਵਾ ਦੇਣ, ਭਾਵੇਂ ਸੁੱਤੇ ਨੂੰ ਕਰਵਾ ਦੇਣ, ਭਾਵੇਂ ਦੁੱਧ ਪੀਂਦੇ ਨੂੰ ਕਰਵਾ ਦੇਣ ਤੇ ਉਹ ਬੱਚਾ ਫਿਰ ਜੀਵਨ ਵਿੱਚ ਕਦੀ ਮਨਮੁੱਖ ਨਹੀਂ ਨਿਕਲੇਗਾ।**

ਇਸ ਤੋਂ ਇਲਾਵਾ ਛੇਵੇਂ ਪਾਤਸ਼ਾਹ ਜੀ ਵੇਲੇ ਜੋਧ ਸ਼ਾਹ ਹੋਇਆ ਹੈ। ਉਸ ਦੀ ਘਰਵਾਲੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਸੀ, ਸਤਿਗੁਰੂ ਜੀ! ਮੈਂ ਇਹੋ ਜਿਹੇ ਘਰ ਵਿਆਹੀ ਗਈ ਹਾਂ ਜਿੱਥੇ ਸਿੱਖੀ ਨਹੀਂ ਹੈ। ਗੁਰਬਾਣੀ ਨਹੀਂ ਹੈ। ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੇ ਤੁੱਠੇ ਹੋ ਤੇ ਮੇਰੇ ਉੱਤੇ ਕਿਰਪਾ ਕਰੋ। ਫਿਰ ਛੇਵੇਂ ਪਾਤਸ਼ਾਹ ਜੀ ਨੇ ਆਪਣੀ ਪਵਿੱਤਰ ਰਸਨਾ ਵਿੱਚੋਂ ਬਚਨ ਕੀਤਾ ਸੀ, ਹੁਣ ਜਦੋਂ ਸਮਾਂ ਬਣੇਗਾ ਬੱਚੇ ਨੂੰ ਜਨਮ ਦੇਣ ਦਾ ਜਪੁਜੀ ਸਾਹਿਬ ਦੀ ਬਾਣੀ ਦਾ ਲੜ ਨਾ ਛੱਡੀਂ। ਜਿਤਨਾ ਵੱਧ ਤੋਂ ਵੱਧ ਨੇਮ ਹੋ ਸਕੇ, ਹਾਜ਼ਰੀ ਲਗਾਵੀਂ। ਮਹਾਰਾਜ ਜੀ ਕਹਿੰਦੇ, ਜਪੁਜੀ ਸਾਹਿਬ ਦੇ ਸਦਕਾ ਨਿਰੰਕਾਰ ਦੇ ਘਰ ਵਿੱਚੋਂ ਤੇਰੀ ਕੁੱਲ ਵਿੱਚ ਇਹੋ ਜਿਹੀ ਰੂਹ ਆਵੇਗੀ, ਤੂੰ ਕਹਿੰਦੀ ਹੈ, ਮੈਂ ਉੱਥੇ ਵਿਆਹੀ ਗਈ ਹਾਂ ਕਿ ਜਿੱਥੇ ਸਿੱਖੀ ਨਹੀਂ। ਮਹਾਰਾਜ ਜੀ ਕਹਿੰਦੇ ਜਪੁਜੀ ਸਾਹਿਬ ਦੀ ਬਾਣੀ ਦੇ ਸਦਕਾ ਤੇਰੇ ਘਰ ਸਿੱਖੀ ਦੇ ਬੂਟੇ ਲੱਗ ਜਾਣਗੇ। ਫਿਰ ਬਚਨ ਕੀਤਾ ਕਿ ਦਸਵੇਂ ਜਾਮੇ ਵਿੱਚ ਸੇਵਾ ਵੀ ਲਵਾਂਗੇ ਤੇਰੀ ਔਲਾਦ ਕੋਲੋਂ, ਪੁੱਤਰ, ਪੋਤਰਿਆਂ ਕੋਲੋਂ। ਇਹ ਸਾਡੇ ਇਤਿਹਾਸ ਹਨ। ਹੁਣ ਸਾਇੰਸ ਵੀ ਮੰਨਣ ਲੱਗ ਪਈ ਹੈ ਕਿ ਜਦੋਂ ਬੱਚਾ ਗਰਭ ਵਿੱਚ ਪਲਦਾ ਹੈ ਤਾਂ ਮਾਂ ਦੇ ਸੰਸਕਾਰਾਂ ਦਾ ਬੱਚੇ ਤੇ ਅਸਰ ਪੈਂਦਾ ਹੈ। ਜੇ ਮਾਂ ਸੁਖਮਨੀ ਸਾਹਿਬ ਦਾ ਪਾਠ ਪੜ੍ਹਦੀ ਰਹੀ, ਜਪੁਜੀ ਸਾਹਿਬ ਦਾ ਪਾਠ ਪੜ੍ਹਦੀ ਰਹੀ ਤੇ ਉਸ ਬੱਚੇ ਤੇ ਵੀ ਬਾਣੀ ਦੀ ਕਿਰਪਾ ਹੋ ਜਾਵੇਗੀ।

ਥੋੜ੍ਹੇ ਦਿਨ ਪਹਿਲਾਂ ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ ਦੀਵਾਨ ਸੀ। ਉੱਥੇ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਨੇ ਵੀ ਇਹ ਬਚਨ ਸੁਣਾਇਆ। ਕਹਿੰਦੇ, ਜਿਹੜੀ ਮਾਂ ਆਈ ਬਰੋ ਬਣਾਉਂਦੀ ਹੈ ਜਾਂ ਰੋਮਾਂ ਦੀ ਬੇਅਦਬੀ ਕਰਦੀ ਹੈ ਜਾਂ ਸਿੱਖ ਪਰਿਵਾਰ ਵਿੱਚੋਂ ਕੋਈ ਬੱਚੀ ਹੈ ਪਰ ਆਪਣੇ ਜੀਵਨ ਨੂੰ ਦੂਜੇ ਪਾਸੇ ਰੱਖਿਆ ਹੋਇਆ ਹੈ, ਕਹਿੰਦੇ, ਉਸ ਦੀ ਕੁੱਖ ਵਿੱਚੋਂ ਭਾਈ ਤਾਰੂ ਸਿੰਘ ਜੀ ਵਰਗੇ ਨਹੀਂ ਪੈਦਾ ਹੋ ਸਕਦੇ। ਉਸ ਦੀ ਕੁੱਖ ਵਿੱਚੋਂ ਭਾਈ ਮੰਞ ਜੀ ਵਰਗੇ ਨਹੀਂ ਪੈਦਾ ਹੋ ਸਕਦੇ। ਇਹ ਯਤਨ ਕਰਿਓ, ਜਿੰਨੀ ਕੁ ਸਾਡੀ ਡਿਊਟੀ ਹੈ, ਜ਼ਰੂਰ ਨਿਭਾਈਏ। ਠੰਡੇ ਬੁਰਜ ਵਿੱਚ ਮਾਤਾ ਜੀ ਨੇ ਜਿਹੜੀਆਂ ਸਾਖੀਆਂ ਸੁਣਾਈਆਂ, ਉਨ੍ਹਾਂ ਨੇ ਬੈਟਰੀ ਚਾਰਜ ਕਰ ਦਿੱਤੀ। ਉਸ ਦਾ ਅਸਰ ਫਿਰ ਕੀ ਹੋਇਆ? ਕਚਹਿਰੀ ਵਿੱਚ ਵੜਦਿਆਂ ਹੀ ਕੀ ਬੁਲਾਇਆ :

***ਵਾਹਿਗੁਰੂ ਜੀ ਕਾ ਖਾਲਸਾ ॥***

***ਵਾਹਿਗੁਰੂ ਜੀ ਕੀ ਫਤਹਿ ॥***

ਕਚਹਿਰੀ ਲੱਗੀ। ਬੜੇ ਲਾਲਚ ਦਿੱਤੇ ਗਏ। ਇਸਲਾਮ ਕਬੂਲ ਕਰ ਲਓ। ਦਮੜੀ ਦਾ ਲਾਲਚ।

ਚਮੜੀ ਦਾ ਲਾਲਚ। ਮਹਿਲਾਂ ਦੇ ਲਾਲਚ। ਪਰ ਸਾਹਿਬਜ਼ਾਦਿਆਂ ਦੇ ਅੰਦਰੋਂ ਇੱਕੋ ਅਵਾਜ਼ ਆਉਂਦੀ ਹੈ:

***ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨ ਜਾਵੇ।***

ਅੱਜ ਦੀ ਕਚਹਿਰੀ ਸਮਾਪਤ ਹੁੰਦੀ ਹੈ। ਹੁਣ ਕੱਲ੍ਹ ਫੈਸਲਾ ਹੋਵੇਗਾ। ਅਗਲੇ ਦਿਨ ਫਿਰ ਕਚਹਿਰੀ ਲੱਗੀ। ਵਜੀਦ ਖਾਂ ਬੈਠਾ ਹੈ। ਹੁਣ ਆਪਣੇ ਵਜ਼ੀਰਾਂ ਕੋਲੋਂ ਰਾਏ ਪੁੱਛਦਾ ਹੈ, ਉਸ ਰਾਏ ਵਿੱਚ ਇੱਕ ਨਾਂ ਆਇਆ ਹੈ, ਸੁੱਚਾ ਨੰਦ, ਆਪਣੀ ਰਾਏ ਦਿਓ, ਕੀ ਕਰੀਏ ਬੱਚਿਆਂ ਦਾ? ਫਿਰ ਉਸ ਨੇ ਰਾਏ ਦਿੱਤੀ। ਹੁਣ ਜੋ ਇਤਿਹਾਸ ਵਿੱਚ ਲਿਖਿਆ ਹੈ ਦਾਸ ਨੂੰ ਦੱਸਣਾ ਪੈ ਰਿਹਾ ਹੈ। ਵੇਖੋ ਕੀ ਕਹਿੰਦਾ ਹੈ? ਕਹਿੰਦਾ, ਇਹ ਸੱਪ ਦੇ ਬੱਚੇ ਨੇ ਤੇ ਸੱਪ ਦੇ ਬੱਚੇ ਸਪੋਲੀਏ ਵੀ ਸੱਪ ਹੀ ਬਣਦੇ ਹਨ। ਇਨ੍ਹਾਂ ਨੂੰ ਮਾਰ ਦੇਣਾ ਚਾਹੀਦਾ ਹੈ। ਫਿਰ ਹੋਰਾਂ ਕੋਲੋਂ ਰਾਏ ਮੰਗੀ ਪਰ ਹਾਅ ਦਾ ਨਾਅਰਾ ਮਾਰਿਆ ਹੈ, ਮਲੇਰਕੋਟਲੇ ਦੇ ਨਵਾਬ ਨੇ। ਉਸ ਨੇ ਹਾਅ ਦਾ ਨਾਅਰਾ ਮਾਰਦੇ ਕਿਹਾ, ਜੋ ਸੋਚਿਆ ਜਾ ਰਿਹਾ ਹੈ, ਗਲਤ ਹੈ। ਤੁਹਾਡਾ ਵੈਰ ਇਨ੍ਹਾਂ ਦੇ ਪਿਤਾ ਨਾਲ ਹੈ, ਪਿਤਾ ਦਾ ਬਦਲਾ ਪਿਤਾ ਤੋਂ ਬਣਦਾ ਹੈ। ਬੱਚਿਆਂ ਤੋਂ ਨਹੀਂ। ਹੁਣ ਅੱਜ ਵੀ ਮਲੇਰਕੋਟਲੇ ਵਿੱਚ ਕਿੰਨਾ ਸਤਿਕਾਰ ਹੈ। ਹਰ ਸਿੱਖ ਦੇ ਅੰਦਰ ਹੈ ਕਿ ਉਸ ਨੇ ਹਾਅ ਦਾ ਨਾਅਰਾ ਮਾਰਿਆ ਹੈ।

ਪਰ ਵਜੀਦ ਖਾਂ ਨੇ ਮਲੇਰਕੋਟਲੇ ਦੇ ਨਵਾਬ ਦੀ ਇੱਕ ਨਾ ਸੁਣੀ ਤੇ ਹੁਕਮ ਦੇ ਦਿੱਤਾ, ਇਨ੍ਹਾਂ ਬੱਚਿਆਂ ਨੂੰ ਕੱਲ ਨੀਹਾਂ ਵਿੱਚ ਚਿਣ ਦਿੱਤਾ ਜਾਵੇ। ਜਿਹੜੇ ਤੁਸੀਂ ਦਰਸ਼ਨ ਕਰਦੇ ਹੋ, ਗੁਰਦੁਆਰਾ ਫਤਹਿਗੜ੍ਹ ਸਾਹਿਬ ਥੱਲੇ ਭੋਰਾ ਸਾਹਿਬ ਦੇ। ਥੱਲੇ ਭੋਰਾ ਸਾਹਿਬ ਵਿੱਚ ਜਗ੍ਹਾ ਉਸੇ ਤਰ੍ਹਾਂ ਪੁਰਾਤਨ ਰੱਖੀ ਹੋਈ ਹੈ। ਦਾਸ ਨੂੰ ਬਹੁਤ ਸੰਗਤ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੇ ਅਸਥਾਨ ਤੇ ਬੜੀ ਜਲਦੀ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਕਿਉਂ? ਬੱਚੇ ਬੜੇ ਦਿਆਲੂ ਹੁੰਦੇ ਹਨ।

ਅਗਲੇ ਦਿਨ ਹੁਣ ਜਦੋਂ ਨੀਹਾਂ ਵਿੱਚ ਚਿਣਿਆ ਤੇ ਕੰਧ ਜਦੋਂ ਗੋਡਿਆਂ ਤੱਕ ਆਈ, ਕੈਸਾ ਜ਼ਾਲਮ ਦ੍ਰਿਸ਼ ਹੋਵੇਗਾ, ਕਹਿੰਦੇ, ਕੰਧ ਵਿੰਗੀ ਨਹੀਂ ਕਰਨੀ ਤੇ ਨਾ ਹੀ ਕੋਈ ਇੱਟ ਤੋੜਨੀ, ਗੋਡੇ ਛਿੱਲ ਦਿਓ। ਕੈਸਾ ਦਰਦਨਾਕ ਸਮਾਂ ਹੋਵੇਗਾ? ਜਦੋਂ ਨੀਹਾਂ ਵਿੱਚ ਚਿਣਿਆ ਗਿਆ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਕਹਿੰਦੇ, ਇਹ ਕਿਸ ਤਰ੍ਹਾਂ ਦਾ ਸਮਾਂ ਬਣ ਗਿਆ ਹੈ। ਮੈਂ ਵੱਡਾ ਹਾਂ ਤੇ ਵਾਰੀ ਤੇਰੀ ਜਲਦੀ ਆ ਰਹੀ ਹੈ। ਸਾਹਿਬਜ਼ਾਦਾ ਫਤਹਿ ਸਿੰਘ ਜੀ ਛੋਟੇ ਸਨ ਤੇ ਕੰਧ ਪਹਿਲਾਂ ਬਾਬਾ ਫਤਹਿ ਸਿੰਘ ਜੀ ਤੱਕ ਪਹੁੰਚੀ। ਵੱਡਾ ਮੈਂ ਹਾਂ ਪਰ ਵਾਰੀ ਤੇਰੀ ਜਲਦੀ ਆ ਰਹੀ ਹੈ ਜਦਕਿ ਆਉਣੀ ਮੇਰੀ ਚਾਹੀਦੀ ਹੈ। ਇਧਰ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਗਿਆ। ਹਨ੍ਹੇਰੀ ਆਈ ਕੰਧ ਡਿੱਗ ਗਈ। ਸਾਹਿਬਜ਼ਾਦੇ ਵੀ ਬੇਹੋਸ਼ ਹੋ ਗਏ। ਫਿਰ ਸਾਹਿਬਜ਼ਾਦਿਆਂ ਦੀ ਸਾਹ ਰਗ ਕੱਟ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਤੇ ਉਧਰ ਮਾਤਾ ਗੁਜਰ ਕੌਰ ਜੀ ਨੇ ਦਸਮ ਦੁਆਰ ਸੁਆਸ ਚੜ੍ਹਾ ਕੇ ਸਰੀਰ ਛੱਡ ਦਿੱਤਾ। ਕੈਸਾ ਸਮਾਂ ਹੈ ਕਿ ਸ਼ਾਹਿ ਸ਼ਾਹਿਨਸ਼ਾਹ, ਬਾਦਸ਼ਾਹ ਦਰਵੇਸ਼ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਦੇ ਸਸਕਾਰ ਲਈ ਜਗ੍ਹਾ ਵੀ ਨਹੀਂ ਦਿੱਤੀ ਜਾ ਰਹੀ। ਹੁਣ ਤੁਹਾਡਾ ਸੀਸ ਹੋਰ ਝੁਕਣਾ ਚਾਹੀਦਾ ਹੈ ਗੁਰੂ ਦੇ ਪਿਆਰਿਆਂ ਅੱਗੇ। ਦੀਵਾਨ ਟੋਡਰ ਮੱਲ ਜੀ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੇ ਸਸਕਾਰ ਲਈ ਜਗ੍ਹਾ ਲਈ ਹੈ। ਕਿਸ ਸ਼ਰਤ ਤੇ ਜਗ੍ਹਾ ਦਿੱਤੀ ਕਿ ਉਨੀ ਜਗ੍ਹਾ ਤੇ ਮੋਹਰਾਂ ਰੱਖਣੀਆਂ ਪੈਣਗੀਆਂ। ਜਦੋਂ ਮੋਹਰਾਂ ਰੱਖਣ ਲੱਗੇ ਤੇ ਕਹਿੰਦੇ, ਵਿਛਾ ਕੇ ਮੋਹਰ ਨਹੀਂ ਰੱਖਣੀ, ਖੜ੍ਹੀ ਕਰਕੇ ਰੱਖਣੀ ਹੈ। ਇਹ ਦੀਵਾਨ ਟੋਡਰ ਮੱਲ ਜੀ ਅੱਗੇ ਵੀ ਸੀਸ ਝੁਕਦਾ ਹੈ। ਕਹਿੰਦੇ, ਕੋਈ ਨਹੀਂ, ਮੋਹਰਾਂ ਖੜ੍ਹੀਆਂ ਕਰਕੇ ਭਾਵੇਂ ਜਗ੍ਹਾ ਦੇ ਦਿਓ ਪਰ ਇਹ ਜਿਹੜੀ ਸੇਵਾ ਹੈ, ਇਹ ਦਰਗਾਹੀ ਹੈ, ਇਹ ਨਹੀਂ ਛੱਡਣੀ। ਹੁਣ ਕੋਈ ਪ੍ਰਾਣੀ ਧਰਤੀ ਤੋਂ ਜਾਂਦਾ ਹੈ ਤਾਂ ਛੇ ਕੁ

ਬੰਦੇ ਚੁੱਕਦੇ ਹਨ ਪਰ ਅੱਜ ਛੇ ਬੰਦੇ ਵੀ ਨਹੀਂ ਲੱਭ ਰਹੇ, ਮੋਢਾ ਦੇਣ ਲਈ।

ਇਤਿਹਾਸ ਵਿੱਚ ਜ਼ਿਕਰ ਮਿਲਦਾ ਹੈ ਕਿ ਸਸਕਾਰ ਵਾਸਤੇ ਦੀਵਾਨ ਟੋਡਰ ਮੱਲ ਜੀ ਤੇ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਸਾਰੀ ਸੇਵਾ ਨਿਭਾਈ। ਸਰਹਿੰਦ ਦੇ ਜ਼ਿੰਮੀਦਾਰ ਅੱਤਾ ਤੋਂ ਚੰਦਨ ਦੀ ਲੱਕੜ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਖਰੀਦੀ। ਤਿੰਨੇ ਪਾਵਨ ਸਰੀਰਾਂ ਦੇ ਬਿਬਾਨ ਤਿਆਰ ਕੀਤੇ। ਅੱਜ ਕਲ੍ਹ ਇਸ ਅਸਥਾਨ ਤੇ ਗੁਰਦੁਆਰਾ ਸ੍ਰੀ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ। ਤਿੰਨੇ ਪਾਵਨ ਸਰੀਰਾਂ ਨੂੰ ਇਨ੍ਹਾਂ ਦੋਵੇਂ ਪ੍ਰੇਮ ਵਿੱਚ ਭਿੱਜੀਆਂ ਰੂਹਾਂ ਦੀਵਾਨ ਟੋਡਰ ਮੱਲ ਜੀ ਤੇ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਕੁਝ ਹੋਰ ਸਰੀਰਾਂ ਦੀ ਮਦਦ ਨਾਲ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਾਲੀ ਜਗ੍ਹਾ ਤੇ ਲਿਆਂਦਾ। ਚੰਦਨ ਦੀ ਲੱਕੜ ਦੀ ਚਿਖਾ ਚੁਣੀ ਤੇ ਇਨ੍ਹਾਂ ਪਾਵਨ ਸਰੀਰਾਂ ਨੂੰ ਅਗਨ ਭੇਟ ਕੀਤਾ। ਦੁਨੀਆਂ ਦੀ ਸਭ ਤੋਂ ਮਹਿੰਗੀ ਜਗ੍ਹਾ। ਜਦੋਂ ਵੀ ਸ੍ਰੀ ਫਤਹਿਗੜ੍ਹ ਸਾਹਿਬ ਜਾਓ, ਇਸ ਪਾਵਨ ਅਸਥਾਨ ਦੀ ਧੂੜੀ ਜ਼ਰੂਰ ਮਸਤਕ ਤੇ ਲਗਾਓ।

ਹੁਣ ਜਿਹੜਾ ਅੰਮ੍ਰਿਤ ਵੇਲੇ ਨਹੀਂ ਜਾਗਦਾ ਤੇ ਅਰਦਾਸ ਕਰਨਾ, ਸਤਿਗੁਰੂ ਜੀ! ਮੈਨੂੰ ਅੰਮ੍ਰਿਤ ਵੇਲਾ ਝੋਲੀ ਪਾ ਦਿਓ। ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਉਹ ਅੰਮ੍ਰਿਤ ਦੀ ਦਾਤ ਮੰਗਿਓ। ਇਹ ਇੰਨੀ ਵੱਡੀ ਸਿੱਖੀ ਹੈ, ਇੰਨਾ ਵੱਡਾ ਸਾਡਾ ਇਤਿਹਾਸ ਹੈ। ਅਰਦਾਸ ਕਰਨਾ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ! ਕਿਰਪਾ ਕਰਨੀ, ਮੈਨੂੰ ਅੰਮ੍ਰਿਤ ਦੀ ਦਾਤ ਦੇਣੀ ਤੇ ਜਿਸ ਨੇ ਅੰਮ੍ਰਿਤ ਛਕਿਆ ਹੋਇਆ ਹੈ ਉਹ ਇੰਨਾ ਪਿਆਰ ਕਰਿਓ, ਗੁਰੂ ਕਲਗੀਧਰ ਪਿਤਾ ਜੀ ਦੇ ਚਰਨਾਂ ਨਾਲ ਕਿ ਸਤਿਗੁਰੂ ਜੀ! ਜਿੰਨੀ ਜ਼ਿੰਦਗੀ ਬਾਕੀ ਹੈ, ਟੁੱਟਿਆਂ ਨੂੰ ਜੋੜਨ ਦੀ ਮੇਰੇ ਕੋਲੋਂ ਸੇਵਾ ਲੈਣਾ।

***ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥***

***ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥***

*(ਅੰਗ ੭੭੯)*

ਹੁਣ ਥੋੜ੍ਹਾ ਜਿਹਾ ਦਰਸ਼ਨ ਕਰਨਾ ਪਿਤਾ ਜੀ ਦੇ:

***ਨਾ ਤਾਜ ਨਾ ਬਾਜ ਨਾ ਘੋੜਾ ਨਾ ਜੋੜਾ।***

ਤਾਂ ਵੀ ਚੜ੍ਹਦੀ ਕਲਾ ਹੈ। ਥੋੜ੍ਹੇ ਹੋਰ ਦੀਦਾਰੇ ਕਰਿਓ, ਪਿਤਾ ਜੀ ਦੇ। ਇਹ ਸਤਿਗੁਰੂ ਜੀ ਦੇ ਬਚਨ ਹਨ:

***ਪੰਥ ਵਸੇ ਮੈਂ ਉਜੜਾਂ ਮਨ ਚਾਉ ਘਨੇਰਾ ॥***

ਕੌਣ ਹਨ ਤੁਹਾਡੇ ਪਿਤਾ ਜੀ। ਇਸ ਨੂੰ ਧਾਰਨਾ ਨਾ ਸਮਝਣਾ, ਇਹ ਕਲਗੀਧਰ ਪਿਤਾ ਜੀ ਦੀ ਰਸਨਾ ਵਿੱਚੋਂ ਨਿਕਲੇ ਬਚਨ ਹਨ। ਹੇ ਅਕਾਲ ਪੁਰਖ! ਇਹ ਪੰਥ ਵਸਦਾ ਰਵ੍ਹੇ, ਮੈਂ ਭਾਵੇਂ ਉਜੜ ਜਾਵਾਂ। ਉਸ ਦੇ ਬਣੀਏ, ਆਪਣਾ ਆਪ ਸਮਰਪਣ ਕਰੀਏ। ਕਿਰਪਾਨ, ਕੰਘਾ, ਕੇਸ, ਕਛਹਿਰਾ, ਕੜਾ ਸਾਨੂੰ ਪਿਆਰੇ ਲੱਗਣ। ਕਿਉਂ? ਸਾਡੇ ਪਿਤਾ ਜੀ ਨੇ ਬਖਸ਼ਿਸ਼ ਕੀਤੇ ਹਨ। ਵੇਖੋ! ਕੈਸੇ ਹਨ ਤੁਹਾਡੇ ਪਿਤਾ ਜੀ, ਜ਼ਰਾ ਦਰਸ਼ਨ ਕਰਨਾ:

***ਨਾ ਡਲਾ ਨਾ ਮੱਲਾ ਗੁਰੂ ਗੋਬਿੰਦ ਕੱਲਾ।***
***ਗੋਬਿੰਦ ਕਦੇ ਨਾ ਕੱਲਾ, ਗੋਬਿੰਦ ਨਾਲ ਹੈ ਅੱਲਾ।***

ਇਹ ਧਾਰਨਾ ਨਾ ਸਮਝਣਾ। ਇਹ ਗੁਰੂ ਕਲਗੀਧਰ ਪਿਤਾ ਜੀ ਦੀ ਰਸਨਾ ਵਿੱਚੋਂ ਨਿਕਲੇ ਬਚਨ ਹਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਸੁਣ ਕੇ ਡੱਲ੍ਹੇ ਨੇ ਮਿਹਣਾ ਮਾਰਿਆ ਤੇ ਫਿਰ ਗੁਰੂ ਕਲਗੀਧਰ ਪਿਤਾ ਜੀ ਦੀ ਰਸਨਾ ਵਿੱਚੋਂ ਇਹ ਉਪਰੋਕਤ ਬਚਨ ਨਿਕਲੇ ਸਨ।

ਇੱਕ ਹੋਰ ਬੜੇ ਪਿਆਰੇ ਬਚਨ ਹਨ:

***ਨਾ ਕਹੂੰ ਜਬ ਕੀ ॥ ਨਾ ਕਹੂੰ ਤਬ ਕੀ ॥***
***ਬਾਤ ਕਹੂੰ ਮੈਂ ਅਬ ਕੀ ॥***
***ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ***
***ਤੋ ਸੁੰਨਤ ਹੋਤੀ ਸਭ ਕੀ ॥***

*—ਬਾਕੀ ਹਿੱਸਾ ਪੰਨਾ 29 'ਤੇ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ
ਸਿੰਘ ਜੀ ਦੀਆਂ ਕੀਰਤਨ
ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

522

ਨਾਮ ਜਪੋ,
ਭਜਨ ਬੰਦਗੀ ਕਰੋ,
ਫਿਰ ਇੱਕ ਸਮਾਂ
ਆਉਂਦਾ ਹੈ, ਪਰਮੇਸ਼ਰ
ਨਾਮ ਜਪਣ ਵਾਲੇ
ਦੀ ਨੌਕਰੀ ਕਰਨ
ਲੱਗ ਪੈਂਦਾ ਹੈ।

523

ਸੰਸਾਰ ਦੀ ਯਾਤਰਾ
ਵੀ ਰਸਨਾ ਤੋਂ ਆਰੰਭ
ਹੁੰਦੀ ਤੇ ਨਿਰੰਕਾਰ
ਦੀ ਯਾਤਰਾ ਵੀ
ਰਸਨਾ ਤੋਂ ਹੀ
ਆਰੰਭ ਹੁੰਦੀ ਹੈ।

524

ਜਿਹੜਾ ਵਾਹਿਗੁਰੂ ਦਾ ਨਾਮ ਜਪੇ ਇਹ
ਨਾਮ ਉਹਨੂੰ ਪਰਮਾਤਮਾ ਦੇ ਦੇਸ਼
ਵਿੱਚ ਲੈ ਜਾਂਦਾ ਹੈ।

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

*ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-*

**32. ਪ੍ਰ: ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਬਹਿਲੋ ਜੀ ਦੀ ਅਣਥੱਕ ਸੇਵਾ ਤੋਂ ਖੁਸ਼ ਹੋ ਕੇ ਆਪਣੇ ਮੁਖਾਰਬਿੰਦ 'ਚੋਂ ਕਿਹੜਾ ਬਖਸ਼ਿਸ਼ ਭਰਿਆ ਬਚਨ ਕੀਤਾ?**

ਉ: ਭਾਈ ਬਹਿਲੋ ਸਭ ਤੋਂ ਪਹਿਲੋ

ਭਾਈ ਬਹਿਲੋ ਜੀ ਇੱਕ ਐਸੇ ਸਿੱਖ ਹੋਏ ਹਨ ਜਿਨ੍ਹਾਂ ਬਾਰੇ ਸੇਵਾ ਦੀ ਹੱਦ ਦਰਸਾਈ ਨਹੀਂ ਜਾ ਸਕਦੀ। ਲੱਖੀ ਜੰਗਲ ਦੇ ਉਹ ਵਸਨੀਕ ਸਨ। ਇਹ ਪਹਿਲਾਂ ਸਖੀ ਸਰਵਰ ਦੇ ਪੁਜਾਰੀ ਸਨ ਤੇ ਅੰਦਰਲੀ ਭਟਕਣਾ ਨਹੀਂ ਸੀ ਮੁੱਕੀ। ਪੰਜਵੇਂ ਪਾਤਸ਼ਾਹ ਜੀ ਦੀ ਸਿਫਤ ਸੁਣ ਕੇ ਚਰਨਾਂ ਵਿੱਚ ਆਏ ਤੇ ਮਹਾਰਾਜ ਜੀ ਨੇ ਉਪਦੇਸ਼ ਦਿੱਤਾ, ਸਭ ਤੋਂ ਜ਼ਰੂਰੀ ਸ਼ਰਧਾ ਹੈ।

***ਸ਼ਰਧਾ ਮੂਲ ਭਗਤਿ ਤੁਚ ਸਾਰੇ।***

ਐਸੀ ਬਚਨਾਂ ਦੀ ਚੋਟ ਲੱਗੀ ਕਿ ਘਰ ਦਾ ਖਿਆਲ ਛੁੱਟ ਗਿਆ। ਨੀਂਦ, ਭੁੱਖ, ਆਲਸ ਸਭ ਤਿਆਗ ਕੇ ਦਿਨ ਰਾਤ ਸੇਵਾ ਵਿੱਚ ਜੁਟੇ ਰਹਿੰਦੇ। ਲੰਗਰ ਵਿੱਚੋਂ ਜੇ ਪ੍ਰਸ਼ਾਦ ਮੂੰਹ ਨੂੰ ਲਗਾਉਣਾ ਹੁੰਦਾ ਤਾਂ ਜੂਠੀਆਂ ਪੱਤਲਾਂ ਵਿੱਚੋਂ ਕਿਣਕਾ ਮਾਤਰ ਲੈ ਲੈਂਦੇ। ਭਾਈ ਬਹਿਲੋ ਜੀ ਆਪਣੇ ਸਿਰ ਤੇ ਸੇਵਾ ਦੀ ਵੱਡੀ ਭਰਵੀਂ ਟੋਕਰੀ ਚੁੱਕ ਕੇ ਸਤਿਨਾਮ ਜਪਦੇ ਜਾਂਦੇ। ਮਸਤਕ ਖਿੜਿਆ ਰਹਿੰਦਾ। ਜਦੋਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਅੰਮ੍ਰਿਤ ਸਰੋਵਰ ਪੱਕਾ ਕਰਵਾਉਣ ਲਈ ਸੇਵਾ ਅਰੰਭੀ ਤਾਂ ਅੰਮ੍ਰਿਤ ਸਰੋਵਰ ਦੀ ਇੱਕ ਬਾਹੀ ਦੀ ਡਿਊਟੀ ਭਾਈ ਬਹਿਲੋ ਜੀ ਨੂੰ ਸੌਂਪੀ। ਬੜੀ ਸ਼ਰਧਾ ਨਾਲ ਭਾਈ ਬਹਿਲੋ ਜੀ ਸੇਵਾ ਨਿਭਾ ਰਹੇ ਸਨ ਤੇ ਇੱਕ ਦਿਨ ਕਿਸੇ ਤੋਂ ਪੁੱਛਦੇ ਹਨ ਕਿ ਇੱਟਾਂ ਦੇ ਭੱਠੇ ਵਿੱਚ ਕੀ ਪਾਈਏ ਤੇ ਇੱਟਾਂ ਪੱਕੀਆਂ ਤੇ ਲਾਲ ਨਿਕਲਣ ਤਾਂ ਦੱਸਣ ਵਾਲੇ ਨੇ ਕਿਹਾ ਗਲੀਆਂ ਦਾ ਕੂੜਾ ਇਕੱਠਾ ਕਰਕੇ ਪਾਈਏ ਤਾਂ ਇੱਟਾਂ ਲਾਲ ਤੇ ਪੱਕੀਆਂ ਨਿਕਲਦੀਆਂ ਹਨ। ਭਾਈ ਬਹਿਲੋ ਜੀ ਸਤਿ ਬਚਨ ਕਹਿ ਕੇ ਗਲੀਆਂ ਦਾ ਕੂੜਾ ਇਕੱਠਾ ਕਰਦੇ ਹਨ ਤੇ ਭੱਠੇ ਵਿੱਚ ਪਾਉਂਦੇ ਹਨ। ਭਾਈ ਬਹਿਲੋ ਜੀ ਇਸ ਤਰ੍ਹਾਂ ਆਵੇ ਵਿੱਚੋਂ ਪੱਕੀਆਂ ਲਾਲ ਸੁਰਖ ਇੱਟਾਂ ਕੱਢ ਕੇ ਸੇਵਾ ਨਿਭਾਉਂਦੇ ਰਹੇ। ਗੁਰੂ ਸਾਹਿਬ ਜੀ ਨੇ ਜਦ ਇਹ ਪੱਕੀਆਂ ਤੇ ਲਾਲ ਸੁਰਖ ਇੱਟਾਂ ਦੇਖੀਆਂ ਤਾਂ ਗੁਰੂ ਸਾਹਿਬ ਨੇ ਭਾਈ ਬਹਿਲੋ ਜੀ ਦੀ ਅਣਥੱਕ ਸੇਵਾ ਤੋਂ ਖੁਸ਼ ਹੋ ਕੇ ਇਹ ਅਸੀਸ ਭਰਿਆ ਬਚਨ ਕੀਤਾ :

***ਕਬਹੂ ਤੁਮਰੋ ਬਚਨ ਨ ਟਲੋ।***

***ਭਾਈ ਬਹਿਲੋ ਸਭ ਤੋਂ ਪਹਿਲੋ।***

☆☆☆

**33. ਪ੍ਰ: ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਜਦੋਂ ਹਉਮੈ ਪ੍ਰਬਲ ਹੋਣ ਕਰਕੇ ਰੁੱਸ ਕੇ ਘਰ ਬੈਠ ਗਏ ਤੇ ਮੁੱਖ ਵਿੱਚੋਂ ਕੁਬੋਲ ਵੀ ਬੋਲੇ ਤੇ ਫਿਰ ਸੋਝੀ ਆਉਣ ਤੇ ਇਨ੍ਹਾਂ ਨੂੰ ਬਖਸ਼ਾਉਣ ਲਈ ਕੌਣ ਵਿਚੋਲਾ ਬਣਿਆ?**

ਉ: ਭਾਈ ਲੱਧਾ ਜੀ ਪਰਉਪਕਾਰੀ

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਕਿ ਇਹ ਦੋਵੇਂ ਪਿਤਾ ਤੇ ਪੁੱਤਰ ਸਨ, ਸੱਤਾ ਜੀ ਤੇ ਬਲਵੰਡ ਜੀ। ਇਹ ਗੁਰੂ ਘਰ ਕੀਰਤਨ ਗਾਇਣ ਕਰਦੇ ਸਨ। ਸੱਤਾ ਜੀ ਦੀ ਲੜਕੀ ਦੀ ਸ਼ਾਦੀ ਸੀ। ਪ੍ਰਿਥੀ ਚੰਦ ਨੇ ਇਨ੍ਹਾਂ ਨੂੰ ਬਹੁਤ ਚੁੱਕਿਆ ਜਿਸ ਕਰਕੇ ਇਨ੍ਹਾਂ ਨੇ ਕੀਰਤਨ ਕਰਨਾ ਛੱਡ ਦਿੱਤਾ ਤੇ ਗੁਰੂ ਸਾਹਿਬ ਨੂੰ ਵੀ ਉੱਚਾ-ਨੀਵਾਂ ਬੋਲਿਆ। ਇੱਥੋਂ ਤੱਕ ਆਖ ਗਏ ਕਿ ਸਾਡੇ ਕਰਕੇ ਹੀ ਸੰਗਤਾਂ ਗੁਰੂ ਘਰ ਵਿੱਚ ਆਉਂਦੀਆਂ ਹਨ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨਿਮਰਤਾ ਦੇ ਪੁੰਜ, ਆਪ ਜੀ ਨੇ ਬਹੁਤ ਸਮਝਾਇਆ ਪਰ ਇਹ ਫਿਰ ਵੀ ਬੋਲ-ਕੁਬੋਲ ਬੋਲਦੇ ਰਹੇ। ਸੱਤਾ ਤੇ ਬਲਵੰਡ ਦੇ ਬੋਲ-ਕੁਬੋਲ ਬੋਲਣ ਕਾਰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਚਨ ਕੀਤਾ, ਤੁਸੀਂ ਵੱਡੇ ਸਤਿਗੁਰੂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ, ਧੰਨ ਸ੍ਰੀ ਗੁਰੂ ਅਮਰਦਾਸ ਜੀ ਤੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੁਬੋਲ ਬੋਲਿਆ ਹੈ ਹੁਣ ਤੁਹਾਨੂੰ ਕੋਹੜੀਆਂ ਨੂੰ ਕੋਈ ਮੱਥੇ ਨਹੀਂ ਲਾਵੇਗਾ। ਇੰਨਾ ਕਹਿਣ ਦੀ ਦੇਰ ਸੀ ਇਨ੍ਹਾਂ ਦੋਹਾਂ ਨੂੰ ਕੁਝ ਹੀ ਦਿਨਾਂ ਵਿੱਚ ਸਰੀਰ ਤੇ ਕੋਹੜ ਹੋ ਗਿਆ ਤੇ ਕੋਈ ਮੱਥੇ ਨਹੀ ਲਾਉਂਦਾ ਸੀ।

ਗੁਰੂ ਸਾਹਿਬ ਜੀ ਆਪ ਕੀਰਤਨ ਕਰਨ ਲੱਗੇ ਤੇ ਨਾਲ-ਨਾਲ ਸੰਗਤਾਂ ਵੀ ਕੀਰਤਨ ਕਰਨ ਲੱਗ ਪਈਆਂ। ਹੁਣ ਕੋਹੜ ਤੋਂ ਪੀੜਤ ਹੋ ਕੇ ਪਛਤਾਉਣ ਲੱਗੇ ਤਾਂ ਫਿਰ ਸੋਝੀ ਪਈ ਤੇ ਦੋਵੇਂ ਪਿਤਾ ਤੇ ਪੁੱਤਰ ਭਾਈ ਲੱਧਾ ਜੀ ਪਰਉਪਕਾਰੀ ਪਾਸ ਲਾਹੌਰ ਪੁੱਜੇ ਤੇ ਬੇਨਤੀ ਕੀਤੀ ਕਿ ਸਾਨੂੰ ਗੁਰੂ ਸਾਹਿਬ ਤੋਂ ਬਖਸ਼ਵਾਓ। ਭਾਈ ਲੱਧਾ ਜੀ ਪਰਉਪਕਾਰੀ ਫਿਰ ਵਿਚੋਲਾ ਬਣ ਕੇ ਪੰਜਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ ਅਤੇ ਭਾਈ ਸੱਤਾ ਤੇ ਭਾਈ ਬਲਵੰਡ ਜੀ ਨੂੰ ਗੁਰੂ ਸਾਹਿਬ ਤੋਂ ਬਖਸ਼ਵਾਇਆ। ਇਨ੍ਹਾਂ ਨੇ ਖਿਮਾਂ ਮੰਗਣ ਵੇਲੇ ਰਾਮਕਲੀ ਰਾਗ ਵਿੱਚ ਵਾਰ ਗਾਈ ਜੋ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਸੁਸ਼ੋਭਿਤ ਹੈ। ਸਾਰੇ ਆਖੋ ਜੀ:

***ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥***
***ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥***

***(ਅੰਗ ੯੬੮)***

☆☆☆

---

***ਪੰਨਾ 26 ਦਾ ਬਾਕੀ ਹਿੱਸਾ—***

ਬੁੱਲੇ ਸ਼ਾਹ ਕਹਿੰਦਾ ਹੈ, ਜੇ ਗੁਰੂ ਕਲਗੀਧਰ ਮਹਾਰਾਜ ਜੀ ਨਾ ਹੁੰਦੇ ਫਿਰ ਸਭ ਦੀ ਸੁੰਨਤ ਹੋਣੀ ਸੀ। ਥੋੜ੍ਹੇ ਹੋਰ ਦਰਸ਼ਨ ਕਰਿਓ। ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਤੁਹਾਡੇ (ਖਾਲਸਾ) ਵੱਲ ਵੇਖ ਕੇ ਇਹ ਬਚਨ ਵੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰਸਨਾ ਵਿੱਚੋਂ ਨਿਕਲੇ ਹਨ:

***ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ।***
***ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।***

ਮਾਤਾ ਗੁਜਰ ਕੌਰ ਜੀ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ।

☆☆☆



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*ਲੜੀ ਜੋੜਨ ਲਈ 146 ਅੰਕ ਦੇਖੋ ਜੀ :-*

*-ਭਾਈ ਅਮਰੀਕ ਸਿੰਘ ਗਨੈਸ਼ਕ*

ਰੱਬੀ ਨੇਤ ਵਿੱਚ ਕਦੇ-ਕਦੇ ਸਹਿਜੇ ਹੀ ਐਸੇ ਵਰਤਾਰੇ ਵਾਪਰ ਜਾਂਦੇ ਹਨ ਜੋ ਯਾਦਾਂ ਵਿੱਚ ਸਦੀਵੀ ਥਾਂ ਬਣਾ ਲੈਂਦੇ ਹਨ। ਅਜਿਹਾ ਹੀ 1948 ਵਿੱਚ ਮਾਰਚ ਮਹੀਨੇ ਦੀ ਕਿਸੇ ਮਿਤੀ ਨੂੰ ਹੋਇਆ। ਮਿਤੀ ਭਾਵੇਂ ਕਿਸੇ ਨੂੰ ਯਾਦ ਨਾ ਰਹੀ ਹੋਵੇ ਪਰ ਜੋ ਜੋ ਵੀ ਉਸ ਦਿਨ ਕਰਮਸਰ ਰਾੜਾ ਸਾਹਿਬ ਵਿਖੇ ਮੌਜੂਦ ਸਨ, ਸਾਰਿਆਂ ਲਈ ਇਹ ਦਿਨ ਯਾਦਗਰ ਬਣ ਗਿਆ।

ਸਭ ਤੋਂ ਪਹਿਲਾਂ ਤਾਂ ਇਹ ਹੋਇਆ ਕਿ ਉਸ ਦਿਨ ਸੰਤ ਬਿਸ਼ਨ ਸਿੰਘ ਜੀ ਕਾਂਝਲੇ ਵਾਲੇ ਕਰਮਸਰ ਅਸਥਾਨ ਤੇ ਆਏ। ਸੰਤ ਬਿਸ਼ਨ ਸਿੰਘ ਜੀ ਦਾ ਪਿੰਡ ਕਾਂਝਲਾ ਸੀ ਜੋ ਕਿ ਮਸਤੂਆਣੇ ਦੇ ਨੇੜੇ ਸੀ। ਸੰਤ ਜੀ ਨੇ ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਸੰਗਤ ਕੀਤੀ ਸੀ। ਕੁਝ ਸਮਾਂ ਫੌਜ ਵਿੱਚ ਵੀ ਰਹੇ ਸਨ। ਇਹਨੀਂ ਦਿਨੀਂ ਪਿੰਡ ਬਾਲੇ ਵਾਲੇ ਸੇਵਾ ਕਰਵਾ ਰਹੇ ਸਨ।

ਪਹਿਲੀ ਵਾਰ ਕਾਂਝਲੇ ਵਾਲੇ ਸੰਤ 1929 ਵਿੱਚ ਰਾੜੇ ਦੀ ਢੱਕੀ ਵਿੱਚ ਆਏ ਸਨ। ਉਸ ਵੇਲੇ ਆਪ ਜੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੂੰ ਬਚਨ ਕੀਤਾ ਸੀ, "ਜਿਵੇਂ ਤੁਸੀਂ ਘਾਲਣਾ ਘਾਲ ਰਹੇ ਹੋ, ਇਸੇ ਤਰ੍ਹਾਂ ਇੱਕ ਰਸ ਤੁਰੇ ਚੱਲੋ। ਰਾਜੇ ਵਜ਼ੀਰ ਸਭ ਇਸ ਦਰ ਤੇ ਝੁਕਣਗੇ।" ਹੀਰੇ ਦੀ ਪਰਖ ਜੌਹਰੀ ਨੂੰ ਹੀ ਹੁੰਦੀ ਹੈ। ਮਹਾਂਪੁਰਖਾਂ ਦੀ ਪਛਾਣ ਮਹਾਂਪੁਰਖ ਹੀ ਕਰ ਸਕਦੇ ਹਨ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਪ੍ਰਥਾਏ ਅਜਿਹੇ ਬਚਨ ਪਹਿਲਾਂ ਵੀ ਉੱਚ ਕੋਟੀ ਦੇ ਮਹਾਂਪੁਰਖ ਕਰ ਚੁੱਕੇ ਸਨ ਜਿਨ੍ਹਾਂ ਵਿੱਚ ਬਾਬਾ ਬੀਰਮ ਦਾਸ ਜੀ ਬਧੌਸ਼ੀ ਵਾਲੇ, ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਅਤੇ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਵਰਗੇ ਮਹਾਂਪੁਰਖ ਸ਼ਾਮਿਲ ਹਨ।

ਪਿੰਡ ਖਟੜੇ ਦੇ ਇੱਕ ਪਰਿਵਾਰ ਦਾ ਕਾਂਝਲੇ ਵਾਲੇ ਮਹਾਂਪੁਰਖਾਂ ਨਾਲ ਬਹੁਤ ਪ੍ਰੇਮ ਸੀ। ਇਸ ਪਰਿਵਾਰ ਵਿੱਚ ਤਿੰਨ ਭਰਾ ਇੰਦਰ ਸਿੰਘ, ਚੰਨਣ ਸਿੰਘ ਅਤੇ ਤਾਰਾ ਸਿੰਘ ਜੋ ਮਹਾਂਪੁਰਖਾਂ ਤੇ ਸ਼ਰਧਾ ਰੱਖਦੇ ਸਨ। ਜਦ ਵੀ ਘਰ ਵਿੱਚ ਕੁਝ ਵਿਸ਼ੇਸ਼ ਕਾਰਜ ਹੁੰਦਾ ਮਹਾਂਪੁਰਖਾਂ ਨੂੰ ਘਰ ਆਉਣ ਦੀ ਬੇਨਤੀ ਕਰਦੇ। ਬਾਬਾ ਬਿਸ਼ਨ ਸਿੰਘ ਜੀ ਵੀ ਉਹਨਾਂ ਦਾ ਪ੍ਰੇਮ ਦੇਖ ਕੇ ਬੇਨਤੀ ਪ੍ਰਵਾਨ ਕਰ ਲੈਂਦੇ। ਜਦ ਵੀ ਆਪ ਜੀ ਪਿੰਡ ਖਟੜੇ ਆਉਂਦੇ ਤਾਂ ਕਰਮਸਰ ਰਾੜਾ ਸਾਹਿਬ ਮਹਾਂਪੁਰਖਾਂ ਪਾਸ ਵੀ ਜ਼ਰੂਰ ਆਉਂਦੇ।

ਇਸ ਵਾਰ 1948 ਵਿੱਚ ਤਾਰਾ ਸਿੰਘ ਦੀ ਸਪੁੱਤਰੀ ਪ੍ਰੀਤਮ ਕੌਰ ਦੇ ਵਿਆਹ ਸਮੇਂ ਬਾਬਾ ਬਿਸ਼ਨ ਸਿੰਘ ਜੀ ਖਟੜੇ ਆਏ ਤਾਂ ਵਾਪਸੀ ਸਮੇਂ ਕਰਮਸਰ ਰਾੜਾ ਸਾਹਿਬ ਆ ਗਏ। ਰਾੜਾ ਸਾਹਿਬ ਵਾਲੇ ਦੋਨਾਂ ਮਹਾਂਪੁਰਖਾਂ ਨੇ ਬਹੁਤ ਸਤਿਕਾਰ ਨਾਲ ਸਵਾਗਤ ਕੀਤਾ। ਕੁਝ ਸਮਾਂ ਭੋਰੇ ਵਿੱਚ ਇਕਾਂਤੀ ਰੂਹਾਨੀ ਬਚਨ ਹੋਏ। ਮਹਾਂਪੁਰਖਾਂ ਨੇ ਸਤਿਕਾਰ ਵੱਜੋਂ ਕਾਂਝਲੇ ਵਾਲੇ ਸੰਤਾਂ ਨੂੰ ਦਸਤਾਰ ਦੇ ਨਾਲ ਮਿਸ਼ਰੀ-ਬਦਾਮ ਆਦਿ ਅਤੇ ਇੱਕ ਸੌ ਇੱਕ ਰੁਪਏ ਭੇਟ ਕੀਤੇ।

ਜਦ ਬਾਬਾ ਬਿਸ਼ਨ ਸਿੰਘ ਜੀ ਅਤੇ ਰਾੜਾ ਸਾਹਿਬ ਵਾਲੇ ਮਹਾਂਪੁਰਖ ਬਾਹਰ ਗੱਡੀ ਵੱਲ ਆ ਰਹੇ ਸਨ ਤਾਂ ਸੰਗਤ ਵੀ ਇਕੱਠੀ ਹੋ ਗਈ। ਗੱਡੀ ਕੋਲ ਪਹੁੰਚ ਕੇ ਬਾਬਾ ਬਿਸ਼ਨ ਸਿੰਘ ਜੀ ਨੇ ਬਾਬਾ ਈਸ਼ਰ ਸਿੰਘ ਜੀ ਨੂੰ ਬੁੱਕਲ ਵਿੱਚ ਲੈ ਕੇ ਬਚਨ ਕੀਤਾ, "ਜਦੋਂ ਅਸੀਂ ਪਹਿਲੀ ਵਾਰ ਆਏ ਸੀ, ਗੁਰ ਕਿਰਪਾ ਨਾਲ ਤੁਹਾਡੇ ਨੂਰਾਨੀ ਮਸਤਕ ਨੂੰ ਦੇਖ ਕੇ ਅਨੁਭਵ ਕਰ ਲਿਆ ਸੀ ਕਿ ਤੁਸੀਂ ਦਰਗਾਹੀ ਡਿਊਟੀ ਲੈ ਕੇ ਆਏ ਹੋ। ਉਸ ਵੇਲੇ ਜੋ ਕਰਤਾਰ ਨੇ ਕਹਾਇਆ ਉਹ ਅੱਜ ਪ੍ਰਤੱਖ ਹੈ।"

ਪਹਿਲੀ ਵਾਰ ਜਦ ਬਾਬਾ ਬਿਸ਼ਨ ਜੀ ਆਏ ਸਨ, ਉਸ ਸਮੇਂ ਬਚਨ ਕੀਤਾ ਸੀ ਕਿ ਇਸੇ ਤਰ੍ਹਾਂ ਇੱਕ ਰਸ ਘਾਲਣਾ ਘਾਲਦੇ ਰਹੋ, ਰਾਜੇ ਵਜ਼ੀਰ ਸਭ ਝੁਕਣਗੇ।

"ਅੱਜ ਅਸੀਂ ਬਹੁਤ ਖੁਸ਼ ਹਾਂ।" ਬਾਬਾ ਬਿਸ਼ਨ ਸਿੰਘ ਜੀ ਬੜੀ ਪ੍ਰਸੰਨਤਾ ਵਿੱਚ ਬਚਨ ਕਰ ਰਹੇ ਸਨ, "ਤੁਹਾਡੇ ਵਰਗੇ ਨਿਰਛਲ, ਨਿਰਲੋਭ, ਨਿਰ-ਇੱਛਤ ਉਦਾਰ ਪਰਉਪਕਾਰੀ ਮਹਾਂਪੁਰਖਾਂ ਦਾ ਦਰਸ਼ਨ ਦੁਰਲੱਭ ਹੈ। ਜਗਿਆਸੂ ਆਉਣਗੇ। ਪਾਰਟੀਆਂ ਵਾਲੇ ਵੀ ਆਉਣਗੇ ਕਿ ਪਾਰਟੀ ਵਿੱਚ ਸ਼ਾਮਲ ਕਰ ਲਈਏ। ਅਹੁਦਿਆਂ-ਵਜ਼ੀਰੀਆਂ ਦਾ ਲਾਲਚ ਦਿਖਾਉਣਗੇ। ਤੁਸੀਂ ਕਿਸੇ ਦੀ ਪ੍ਰਵਾਹ ਨਹੀਂ ਕਰਨੀ। ਇਸ ਇਲਾਕੇ ਵਿੱਚ ਤੁਸੀਂ ਬੇਅੰਤ ਪ੍ਰਚਾਰ ਕੀਤਾ ਹੈ, ਹੁਣ ਦੂਰ ਦੇ ਇਲਾਕਿਆਂ ਵਿੱਚ ਵੀ ਜਾਇਆ ਕਰੋ। ਭਾਵੇਂ ਦੂਰ ਆਉਣ ਜਾਣ ਵਿੱਚ ਖੇਚਲ ਹੁੰਦੀ ਹੈ, ਖੇਚਲ ਝੱਲ ਕੇ ਹੀ ਪਰਉਪਕਾਰ ਹੁੰਦਾ ਹੈ। ਤੁਹਾਡੇ ਰਾਹੀਂ ਹਜ਼ਾਰਾਂ-ਲੱਖਾਂ ਦੀ ਕਲਿਆਣ ਹੋਈ ਹੈ। ਦੇਸ਼ਾਂ-ਵਿਦੇਸ਼ਾਂ ਵਿੱਚ ਗੁਰਮਤਿ ਦਾ ਪ੍ਰਚਾਰ ਕਰੋ।"

ਸਾਰੀ ਸੰਗਤ ਬੜੇ ਪਿਆਰ ਵਿੱਚ ਬਚਨ ਸਰਵਣ ਕਰ ਰਹੀ ਸੀ। ਹੁਣ ਬਾਬਾ ਬਿਸ਼ਨ ਸਿੰਘ ਜੀ ਨੇ ਖਟੜੇ ਤੋਂ ਨਾਲ ਆਏ ਪ੍ਰੇਮੀਆਂ ਵੱਲ ਦੇਖ ਕੇ ਬਚਨ ਕੀਤਾ, "ਭਾਈ ਇਹ ਆਖਰੀ ਦਰਸ਼ਨ ਹੈ, ਅਸੀਂ ਹੁਣ ਇੱਥੇ ਨਹੀਂ ਆਉਣਾ।"

ਚੰਨਣ ਸਿੰਘ, ਤਾਰਾ ਸਿੰਘ ਆਦਿ ਸਾਰੇ ਪਰਿਵਾਰ ਦੇ ਨੇਤਰ ਭਰ ਆਏ। ਚੰਨਣ ਸਿੰਘ ਨੇ ਭਰੇ ਕੰਠ ਨਾਲ ਬੇਨਤੀ ਕੀਤੀ, "ਬਾਬਾ ਜੀ! ਸਾਥੋਂ ਕੀ ਭੁੱਲ ਹੋ ਗਈ ਜੋ ਬਚਨ ਕਰ ਰਹੇ ਹੋ ਫਿਰ ਨਹੀਂ ਆਉਣਾ।"

"ਨਹੀਂ ਭਾਈ! ਤੁਹਾਥੋਂ ਕੋਈ ਭੁੱਲ ਨਹੀਂ ਹੋਈ। ਤੁਸੀਂ ਤਾਂ ਬਹੁਤ ਸੇਵਾ ਕੀਤੀ ਹੈ। ਤੁਹਾਡੇ ਨਾਲ ਪ੍ਰੇਮ ਹੈ ਤਾਂ ਦੱਸ ਰਹੇ ਹਾਂ। ਹੁਣ ਇਹ ਸਰੀਰ ਨਹੀਂ ਰਹੇਗਾ। ਬਾਬਾ ਬਿਸ਼ਨ ਸਿੰਘ ਜੀ ਨੇ ਬਚਨ ਕੀਤਾ ਤਾਂ ਚੰਨਣ ਸਿੰਘ ਹੋਰੀਂ ਵੈਰਾਗ ਵਿੱਚ ਆ ਗਏ।

ਕਾਂਝਲੇ ਵਾਲੇ ਮਹਾਂਪੁਰਖਾਂ ਨੇ ਧੀਰਜ ਦਿੰਦਿਆਂ ਬਚਨ ਕੀਤੇ, " ਇਹ ਤਾਂ ਹੁਕਮ ਦੀ ਖੇਡ ਹੈ। ਸਾਡੇ ਬਚਨ ਯਾਦ ਰੱਖਣਾ। ਤੁਸੀਂ ਦਾਨੀ ਅਤੇ ਸੇਵਾ ਭਾਵ ਵਾਲੇ ਹੋ, ਤੁਹਾਨੂੰ ਦੰਭੀ ਲੋਕ ਵੀ ਸੰਤ ਰੂਪ ਵਿੱਚ ਮਿਲਣਗੇ, ਕਿਸੇ ਦੇ ਕਹੇ ਨਾ ਲੱਗਿਓ।" ਬਚਨ ਕਰਦਿਆਂ ਕੋਲ ਖੜੀ ਸੰਗਤ ਨੂੰ ਮੁਖਾਤਿਬ ਹੋ ਕੇ ਮਹਾਂਪੁਰਖਾਂ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਵੱਲ ਇਸ਼ਾਰਾ ਕਰਕੇ ਬਚਨ ਕੀਤਾ, "ਚਾਹੇ ਕੋਈ ਗ੍ਰਹਿਸਥੀ ਹੈ, ਚਾਹੇ ਬਿਹੰਗਮ ਹੈ, ਭਲਾ ਚਾਹੁੰਦੇ ਹੋ ਤਾਂ ਇਨ੍ਹਾਂ ਦੀ ਸੰਗਤ ਕਰੋ।"

ਇਉਂ ਬਚਨ ਕਰਕੇ ਮਹਾਂਪੁਰਖਾਂ ਨੇ ਫਤਹਿ ਬੁਲਾਈ ਅਤੇ ਗੱਡੀ ਵਿੱਚ ਬੈਠ ਕੇ ਚਾਲੇ ਪਾ ਦਿੱਤੇ। ਪੰਜ-ਛੇ ਮਹੀਨਿਆਂ ਬਾਅਦ ਆਪ ਜੀ ਨੇ ਬਾਲੇਵਾਲ ਵਿਖੇ ਪੰਜ ਭੂਤਕ ਸਰੀਰ ਤਿਆਗ ਦਿੱਤਾ।

ਅਜੇ ਕਾਂਝਲੇ ਵਾਲੇ ਮਹਾਂਪੁਰਖ ਕਰਮਸਰ ਰਾੜਾ ਸਾਹਿਬ ਤੋਂ ਗਏ ਹੀ ਸਨ ਕਿ ਸੰਤ ਮਨੀ ਸਿੰਘ ਜੀ ਦਿਆਲਪੁਰੇ ਵਾਲੇ ਆ ਗਏ। ਸੰਤ ਮਨੀ ਸਿੰਘ ਜੀ ਵੀ

ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਸੇਵਕ ਸਨ। ਕੀਰਤਨ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਦੇ ਸਨ। ਇਸ ਪਾਸਿਓਂ ਲੰਘ ਰਹੇ ਸਨ ਤਾਂ ਕੁਝ ਸਮੇਂ ਲਈ ਰੁਕ ਗਏ।

ਹਰ ਕਿਸੇ ਨੂੰ ਆਪਣੀ ਬਿਰਤੀ ਦੇ ਅਨੁਸਾਰ ਸੰਗ ਭਾਉਂਦਾ ਹੈ। ਜੂਏਬਾਜ਼ ਨੂੰ ਜੁਆਰੀ ਕੋਲ ਬੈਠਣਾ ਚੰਗਾ ਲੱਗਦਾ। ਨਿੰਦਕ ਨੂੰ ਨਿੰਦਿਆ ਸੁਣਨ-ਸੁਣਾਉਣ ਵਾਲਿਆਂ ਦੇ ਸੰਗ ਵਿੱਚੋਂ ਰਸ ਆਉਂਦਾ ਹੈ। ਪਰਮੇਸ਼ਰ ਦੇ ਪਿਆਰਿਆਂ ਨੂੰ ਸਤਿਪੁਰਖਾਂ ਦੀ ਸੰਗਤ ਭਾਉਂਦੀ ਹੈ। ਪ੍ਰੇਮ ਇੱਕ ਐਸਾ ਰਸ ਹੈ, ਜਿਸ ਨੂੰ ਲੱਗਾ ਹੋਵੇ ਉਹ ਅੱਠੇ ਪਹਿਰ ਕਿਸੇ ਨਾ ਕਿਸੇ ਬਿੱਧ ਆਪਣੇ ਪਿਆਰੇ ਦੀ ਯਾਦ ਵਿੱਚ ਜੁੜਿਆ ਰਹਿੰਦਾ ਹੈ। ਰੱਬ ਦੇ ਪਿਆਰੇ ਭਜਨ-ਸਿਮਰਨ, ਕੀਰਤਨ ਆਦਿ ਰਾਹੀਂ ਤਾਂ ਰੱਬੀ ਪਿਆਰ ਵਿੱਚ ਲੀਨ ਰਹਿੰਦੇ ਹੀ ਹਨ, ਬਚਨ ਵੀ ਆਪਣੇ ਪਿਆਰੇ ਦੇ ਹੀ ਕਰਨਾ ਅਤੇ ਸੁਣਨਾ ਚਾਹੁੰਦੇ ਹਨ, ਇਸ ਲਈ ਪਿਆਰ ਵਾਲੇ ਸਤਿਪੁਰਖਾਂ ਨੂੰ ਮਿਲਣਾ ਉਨ੍ਹਾਂ ਨੂੰ ਭਾਉਂਦਾ ਹੈ।

ਜੋ ਸੰਗਤ ਉਸ ਦਿਨ ਕਰਮਸਰ ਰਾੜਾ ਸਾਹਿਬ ਆਈ ਹੋਈ ਸੀ, ਉਨ੍ਹਾਂ ਲਈ ਇਹ ਦਿਨ ਅਭੁੱਲ ਯਾਦ ਬਣਨ ਵਾਲਾ ਸੀ ਕਿਉਂਕਿ ਪਹਿਲਾਂ ਕਾਂਝਲੇ ਵਾਲੇ ਮਹਾਂਪੁਰਖ ਆਏ ਸਨ ਉਹਨਾਂ ਦੇ ਜਾਂਦਿਆਂ ਹੀ ਦਿਆਲਪੁਰੇ ਵਾਲੇ ਮਹਾਂਪੁਰਖ ਆ ਗਏ। ਮਹਾਂਪੁਰਖ ਆਪਸ ਵਿੱਚ ਬੜੇ ਪਿਆਰ ਨਾਲ ਮਿਲੇ। ਕੁਝ ਸਮਾਂ ਬਚਨ ਹੋਏ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਸਿਰੋਪਾ ਭੇਂਟ ਕੀਤਾ।

ਦਿਆਲਪੁਰੇ ਵਾਲੇ ਮਹਾਂਪੁਰਖ ਗਏ ਤਾਂ ਕੁਝ ਸਮੇਂ ਬਾਅਦ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਜੱਥੇ ਸਮੇਤ ਆ ਗਏ। ਆਪ ਜੀ ਹੋਲੇ-ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਜਾ ਰਹੇ ਸਨ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਹੁਤ ਸਤਿਕਾਰ ਕੀਤਾ ਅਤੇ ਬਚਨ ਕੀਤਾ, "ਤੁਸੀਂ ਤਾਂ ਪੰਥ ਦਾ ਨਿਰਮੋਲਕ ਸਰਮਾਇਆ ਹੋ।"

ਦੁਪਹਿਰ ਦੇ ਪਰਸ਼ਾਦੇ ਦਾ ਸਮਾਂ ਸੀ। ਮਹਾਂਪੁਰਖਾਂ ਅਤੇ ਜੱਥੇ ਨੇ ਪਰਸ਼ਾਦਾ ਛਕਿਆ। ਮਹਾਂਪੁਰਖਾਂ ਨੇ ਇਕਾਂਤ ਵਿੱਚ ਰੂਹਾਨੀ ਬਚਨ ਕੀਤੇ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬੜੇ ਪ੍ਰੇਮ ਨਾਲ ਦਸਤਾਰ, ਬਸਤਰ, ਮਾਇਆ ਅਤੇ ਬਦਾਮ-ਮਿਸ਼ਰੀ ਆਦਿ ਭੇਂਟ ਕੀਤੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੇ ਅਸਥਾਨ ਦੇ ਦਰਸ਼ਨ ਕੀਤੇ। ਸਾਰੀ ਮਰਿਆਦਾ ਦੇਖ ਕੇ ਬੜੇ ਪ੍ਰਸੰਨ ਹੋਏ। ਸ਼ਾਮ ਹੋ ਰਹੀ ਸੀ, ਜਲ-ਪਾਣੀ ਛਕਿਆ ਅਤੇ ਜੱਥੇ ਸਮੇਤ ਚਾਲੇ ਪਾ ਦਿੱਤੇ।

---

*ਪੰਨਾ 19 ਦਾ ਬਾਕੀ ਹਿੱਸਾ—*

ਤਿੰਨ ਵਾਰੀ ਕਹਿ ਕੁਹਾ ਕੇ ਭਾਈ ਘਨੱਈਆ ਜੀ ਨੇ ਉਸ ਪਾਰਸ ਨੂੰ ਨਦੀ ਦੇ ਚਲਦੇ ਪ੍ਰਵਾਹ ਵਿੱਚ ਜ਼ੋਰ ਦੀ ਵਗਾਹ ਮਾਰਿਆ।

ਦੇਖਦਿਆਂ ਸਾਰ ਹੀ ਪਠਾਣ ਦੀ ਚੀਕ ਨਿਕਲ ਗਈ ਤੇ ਰੋਣ ਲੱਗਾ, "ਮਹਾਰਾਜ ਜੀ! ਇਹ ਤਾਂ ਮੈਂ ਆਪ ਜੀ ਦੀ ਭੇਟਾ ਲਿਆਇਆ ਸੀ ਲੰਗਰ ਪਾਣੀ ਵਾਸਤੇ! ਇਹੋ ਜਿਹੀ ਵਸਤੂ ਕਰੋੜਾਂ ਰੁਪਏ ਖਰਚਿਆਂ ਵੀ ਨਹੀਂ ਮਿਲਦੀ। ਇਹ ਆਪ ਜੀ ਨੇ ਕੀ ਕੀਤਾ ਹੈ? ਇਉਂ ਕਹਿ ਕੇ ਫਿਰ ਰੋਣ ਲੱਗ ਪਿਆ ਤੇ ਮਨ ਵਿੱਚ ਕਈ ਤਰ੍ਹਾਂ ਦੇ ਸੰਕਲਪ ਆਏ ਕਿ ਖੁਦਾ ਦੀ ਮਿਹਰ ਨਾਲ ਇਹ ਪਾਰਸ ਦੀ ਗੀਟੀ ਮੈਨੂੰ ਮਿਲੀ ਸੀ ਪਰ ਇਨ੍ਹਾਂ ਨੇ ਕੁਝ ਕਦਰ ਨਹੀਂ ਕੀਤੀ। ਇਸ ਤਰ੍ਹਾਂ ਦੇ ਸੰਕਲਪ ਕਰਦਿਆਂ ਮਨ ਵਿੱਚ ਫੁਰਨਾ ਫੁਰਿਆ ਕਿ ਇਸ ਨਾਲੋਂ ਤਾਂ ਮਰ ਜਾਣਾ ਚੰਗਾ ਹੈ।

ਇਸ ਤਰ੍ਹਾਂ ਦਾ ਸੰਕਲਪ ਕਰ ਕੇ ਛੁਰਾ ਕੱਢ ਲਿਆ ਤੇ ਆਪਣੇ ਪੇਟ ਵਿੱਚ ਮਾਰਨ ਨੂੰ ਤਿਆਰ ਹੋ ਗਿਆ।

*-ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

# ਅਨਮੋਲ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਸੰਗ੍ਰਹਿ ਕਰਤਾ-ਸੰਪਾਦਕ

**292**

ਸਾਧੂ ਬਾਰ੍ਹਾਂ ਸਾਲ ਤਪ ਕਰੇ, ਗ੍ਰਹਿਸਥੀ ਇੱਕ ਸਾਲ ਤਪ ਕਰੇ ਤੇ ਪਤੀਬਰਤਾ ਇੱਕ ਮਹੀਨਾ ਤਪ ਕਰੇ, ਸਭ ਦਾ ਬਰਾਬਰ ਮਹਾਤਮ ਹੈ।

**293**

ਜਦੋਂ ਮਹਾਂਪੁਰਖਾਂ ਦੇ ਦਰਸ਼ਨ ਹੋਣ ਤੇ ਸਮਝੋ ਸਾਹਿਬ ਤੁੱਠਾ ਹੈ ਅਤੇ ਜਦੋਂ ਕਿਸੇ ਕੁਸੰਗੀ ਦਾ ਮੇਲ ਹੋਵੇ ਤਾਂ ਸਮਝੋ ਸਾਹਿਬ ਰੁੱਠਾ ਹੈ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

ਮਹਾਂਪੁਰਖ ਦੀ ਸੰਗਤ ਸੌ ਸਾਲ ਦੀ ਤਪੱਸਿਆ ਨਾਲੋਂ ਵੀ ਜ਼ਿਆਦਾ ਸ਼ਾਂਤਦਾਇਕ ਹੁੰਦੀ ਹੈ।

**126**

ਰੱਬ ਨੂੰ ਮਿਲਣ ਦਾ ਸ਼ੌਕ ਹੈ ਤਾਂ ਸੰਗਤ ਕਰਨੀ ਹੀ ਪਵੇਗੀ।

**127**

—ਭਾਈ ਅਮਰੀਕ ਸਿੰਘ ਗਨੈਸਕ

प्रश्न उत्तर

# जिंदगी की बारीकियाँ

गुरु साहिब जी की कृपा और भाई साहिब भाई गुरइकबाल सिंघ जी की प्रेरणा से ज़िंदगी की बारीकियाँ कालम **'सिफति सालाह रसाले'** में पिछले कई वर्षों से प्रकाशित हो रहा है। इस कालम में संगतों द्वारा भाई साहिब जी को समय–समय पर पूछे जाने वाले सवालों के जवाब दिए जाते हैं। इसी कालम की श्रृंखला को आगे जारी रखते हस्तलिखित अंक से भाई साहिब जी के कीर्तन के उन अंशों को सवाल–जवाब के रूप में हू–ब–हू प्रकाशित किया जा रहा है, जिन में से भाई साहिब जी कीर्तन करते संगत को आम रूप में आने वाली दुनियावी और आध्यात्मिक कठिनाई का गुरमति अनुसार समाधान बताते हैं।

**12. प्रश्नः आदरणीय वीर जी, कई व्यक्ति इतने बुरे होते हैं कि समझ में ही नहीं आता कि उनकी मति इतनी भ्रष्ट क्यों है?**

**उत्तरः** जब भी आपको कोई बुरा दिखाई देता है, तो यह न सोचा करो कि वह बुरा है, बल्कि यह सोचा करो कि कुछ वर्ष पहले मैं भी ऐसा ही था और सतिगुरु जी ने कृपा करके, दया करके मेरी मति बदल दी है। मेरे सतिगुरु जी ने जिस दिन इस पर भी कृपा कर दी तो क्या पता यह मुझसे भी आगे निकल जाए। ऐसा करने से अहं भी नहीं आएगा कि वह बुरा है और मैं अच्छा हूँ। दास ने तो आँखों से देखा है कि आज से कुछ समय पूर्व कोई शरीर प्रतिदिन शराब का सेवन करता था। आज उस पर इतनी कृपा हो गई कि गुरुद्वारा शहीदां साहिब अमृत वेले एकाग्रचित होकर श्री आसा जी दी वार का कीर्तन श्रवण करता है। जब गुरु कृपा करता है तो नीच मलिन को भी कंचन बना देता है–

*हम नीच मैले अति अभिमानी*
*दूजै भाइ विकार॥*
*गुरि पारसि मिलिऐ कंचनु होए*
*निरमल जोति अपार॥२॥*

*(अंग ४२७)*

☆☆☆

**13. प्रश्नः आदरणीय वीर जी, मैंने आपकी एक कैसेट सुनी है। उसमें आपने माला फेरने का उल्लेख किया है, पर कई लोग कहते हैं कि माला पकड़नी दिखावा होता है?**

**उत्तरः** वैसे तो हर प्रचारक के अपने–अपने विचार हैं, पर यदि हम अपने गुरु साहिबान का इतिहास पढ़ें तो उन्होंने भी माला का प्रयोग किया है। जालंधर के पास बिलगा गाँव में आज भी श्री गुरु अर्जुन देव जी का सिमरना मौजूद है। बाणी में भी उल्लेख है–

***भूखे भगति न कीजै॥ यह माला अपनी लीजै॥***

*(अंग ६५६)*

यदि माला इसलिए रखी है कि उसकी याद न भूले तो कोई बात नहीं। यदि माला दिखावे के लिए रखी है तो फिर यह ठीक नहीं।

***–शेष पन्ना 42 पर पढ़ो जी***

भाई हरविन्द्र पाल सिंघ जी लिटल के द्वारा श्री गुरु ग्रंथ साहिब जी की बड़ाई में दिए गए प्रोग्राम का अनुवाद

# धन्य धन्य श्री गुरु ग्रंथ साहिब जी की महिमा

*–गुरविन्द्र सिंघ*

कविता :

*गुरु ग्रंथ साहिब जी दी महिमा*
*मैं पापी की सुणावां।*
*धंन धंन आखां रोम रोम तो*
*मैं अश अश करदा जावां।*

---

*गुरुआं दे गुरु, गुरु ग्रंथ साहिब जी दी*
*महिमा बड़ी निराली है।*
*अदब करन दी जाच असानूं*
*सतिगुरु आप सिखाली है।*
*प्रगट गुरां दी देह समझ के*
*मैं नित नित सेव कमावां।*
*गुरु ग्रंथ साहिब जी दी महिमा*
*मैं पापी की सुणावां।*

---

*गुरु ग्रंथ साहिब जी दी बाणी है,*
*इह सच दा राह विखाउंदी है।*
*इक दी जोत विचों आई है,*
*ते इक नाल ही लगाउंदी है।*
*फड़ के लड़ जी इस दा,*
*मैं पापी वी गत पावां।*
*गुरु ग्रंथ साहिब जी दी महिमा*
*मैं पापी की सुणावां।*

*गुरु ग्रंथ साहिब जी दी महिमा*
*मैं पापी की सुणावां।*
*धंन धंन आखां रोम रोम तो*
*मैं अश अश करदा जावां।*

गुरु प्यारी साध संगत जी! वह मुबारक समय जब सच्चे पातशाह, गुरु कलगीधर पिता जी ने जिस समय सचखण्ड को जाना था तो एक सप्ताह पहले का जिक्र आता है कि गुरु साहिब जी ने बता दिया था कि अब हमारा ज्योति–ज्योत समाने का समय आ गया है तो सिक्खों ने विनती की, सच्चे पातशाह जी! गुरु कलगीधर पिता जी, हमें यह तो बता दो जैसे आप अपनी रसना से कह रहे हो कि हमारा सचखंड को जाने का समय आ गया है। हमें यह बता दो, सतिगुरु जी! सारी संगत को किसके संग लगा चले हो। उस समय धन्य श्री गुरु गोबिंद सिंघ जी ने साध संगत को हुक्म किया, जो हम नित्य अरदास के बाद पढ़ते हैं:

***आगिआ भई अकाल की तबी चलाइओ पंथ।।***
***सभ सिक्खन को हुकम है गुरु मानिओ ग्रंथ।।***

जब विनती की, सच्चे पातशाह जी! किस के संग लगा चले हो तो गुरु कलगीधर पिता जी के उस समय के वचन थे, मेरा ज़ाहरा रूप इस समय केवल और केवल श्री गुरु ग्रंथ साहिब जी हैं। जिन्होंने मेरे दर्शन करने हों, वह श्री गुरु ग्रंथ साहिब जी के दर्शन करे। जिन्होंने मुझ से बातें

करनी हों, वह श्री गुरु ग्रंथ साहिब जी पर भावना बना कर दर्शन करें और कलगीधर पातशाह जी ने कहा कि यह मेरा ही रूप हैं, इन से बातें मुझ से बातें होंगी, यह पातशाह जी के वचन हैं। कवि भाई सोहन सिंघ जी, गुर बिलास पातशाही छेवीं में उस समय का जिक्र लिखते हैं:

***मम आगिआ सभ ही सुणो सत बात निरधारा।***
***गुरु ग्रंथ सभ मानियो भेद ना कहू बिचारा।***
***गुर ग्रंथ कलजुग भइओ स्री गुरु रूप महान।***
***दसां पातशाहीआं रूप इह गुरु ग्रंथ जी जाण।***

यह वचन करके गुरयाई साध संगत जी, श्री गुरु ग्रंथ साहिब जी को दी और कहा कि दस पातिशाहियों का रूप हैं धन्य श्री गुरु ग्रंथ साहिब जी और कहा इन में से ही अब दर्शन होंगे। जो मर्यादा थी, पाँच पैसे साथ नारियल का फल आगे रखकर परिक्रमा करके नमस्कार की और धन्य श्री गुरु गोबिंद सिंघ जी स्वयं श्री गुरु ग्रंथ साहिब जी को 'चंवर साहिब' कर रहे हैं और हुक्म क्या किया :

***गुरु दरस जे देखणा स्री गुरु ग्रंथ दरसाए।***
***बात करन गुरु सिउ चहे......।***

जो गुरु से बातें करना चाहता है, उस के बारे में महाराज जी क्या कहते हैं :

***बात करन गुरु सिउ चहे पढ़े ग्रंथ मन लाए।***
***धन्य धन्य साहिब श्री गुरु ग्रंथ साहिब जी।***

आज के बाद आपका गुरु कौन होगा, कहो 'धन्य श्री गुरु ग्रंथ साहिब जी।' आज के बाद सिक्ख संगत किसके संग, कहो, 'धन्य श्री गुरु ग्रंथ साहिब जी।'

भाई नंद लाल जी ने उस वक्त का समय लिखा है, जब कलगीधर पातशाह जी ने अपने सिक्खों को कहा और भाई नंद लाल जी अपनी रचना में लिखते हैं :

***जो सिक्ख गुर दरसन की चाहे।***

जो सिक्ख गुरु के दर्शन करने की चाह मन में रखता है।

***जो सिक्ख गुर दरसन की चाहे।***
***दरसन करे ग्रंथ जी आहे।***

धन्य साहिब श्री गुरु ग्रंथ साहिब जी।

***जो मुझ बचन सुणन की चाहे।***
***ग्रंथ जी पढ़े सुणे चित लाए।***

यह भाई नंद लाल जी का रहितनामा है। कलगीधर पातशाह जी ने उस समय जो कहा, भाई नंद लाल जी अपनी रचना में लिखते हैं कि यह कलगीधर पातशाह जी के अंतिम वचन थे :

***मेरा रूप ग्रंथ जी जान।***
***इस में भेद नहीं कुझ आन।***

कि 'श्री गुरु ग्रंथ साहिब जी' और मुझ में कोई भेद नहीं समझना। साध संगत जी! कवि अपनी पंक्तियों में कह रहा है :

***सिक्खा, गुर दशमेश पिता ने***
***तैनूं बाणी दे लड़ लाइआ सी।***
***हर अखर गुर नानक समझीं***
***मुख तो यह फुरमाया सी।***

वहीं श्री गुरु ग्रंथ साहिब की बाणी को कहीं जिल्द न समझना। कहीं अक्षर न समझना। कहीं पन्ने मत समझना। यह स्वयं सच्चे पातशाह जी के हुक्म हैं :

***दसां पातशाहीआं रूप गुरु ग्रंथ जी जाण।***

आओ! फिर कहो अपने मन से, साध संगत जी अंदर से प्रशंसा करें :

*गुरु ग्रंथ साहिब जी दी महिमा*
*मैं पापी की सुणावां।*
*गुरुआं दे गुरु, गुरु ग्रंथ साहिब जी दी*
*महिमा बड़ी निराली है।*
*अदब करन दी जाच असानूं*
*सतिगुरु आप सिखाली है।*
*प्रगट गुरां की देह समझ के*
*मैं नित नित सेव कमावां।*
*धन्य धन्य साहिब श्री गुरु ग्रंथ साहिब जी।*

इस जगह पर कवि ने लफ्ज इस्तेमाल किए हैं :

*गुरुआं दे गुरु, गुरु ग्रंथ साहिब जी*

प्रत्यक्ष है। बाबा नंद सिंघ जी नानकसर वाले वचन करते थे, बड़े दंभी गुरु मिलेंगे, बड़े पाखण्डी मिलेंगे, पर यदि गुरुओं के गुरु हैं तो वह केवल धन्य श्री गुरु ग्रंथ साहिब जी हैं।

*गुरुआं दे गुरु, गुरु ग्रंथ साहिब जी दी*
*महिमा बड़ी निराली है।*
*अदब करन दी जाच असानूं*
*सतिगुरु आप सिखाली है।*

गुरुओं के गुरु का अदब कैसा हो, सत्कार कैसा हो, जिसकी इतनी महिमा है। धन्य श्री गुरु अर्जुन देव जी पातशाह दीन दुनिया के मालिक। किसी सिक्ख के मन में विचार आया और उसने विनती की, सच्चे पातशाह जी! कई रागी सिक्ख, कई अन्य धन्य श्री गुरु नानक देव जी महाराज की बाणी, धन्य श्री गुरु अंगद देव जी की बाणी, धन्य श्री गुरु अमरदास जी की बाणी, धन्य श्री गुरु रामदास जी की बाणी से अपनी बाणी मिलाकर पढ़ते हैं और जो सूझवान सिक्ख हैं, उनको तो पता लग जाता है कि बाणी में मिश्रण किया है, पर सच्चे पातशात जी! जो साधारण सिक्ख है, उनको नहीं पता लगता। इसलिए वह दूसरी बाणी को गुरुओं की बाणी समझ लेते हैं। सतिगुरु जी! आप कोई कृपा करो। साध संगत जी! यह जिक्र गुर बिलास पातशाही छेवीं में आता है :

*एक दिवस प्रभाते नाल।*
*दइआ भए प्रभ दीन दइआल।*
*यह मन उपजी प्रगटिओ जग पंथ।*
*तहि कारन कीजै अब ग्रंथ।*

कहते, उस समय जब सिक्खों की विनती सुनी कि जब कोई गुरु की बाणी से अपनी बाणी मिलाकर पढ़ता है तो सूझवान सिक्खों को तो पता लग जाता है कि यह बाणी धन्य श्री गुरु नानक देव जी महाराज की है या नहीं पर साधारण सिक्खों को पता नहीं लगता। भ्रम पैदा हो जाता है और पातशाह जी! आप कोई कृपा करो और उस समय धन्य श्री गुरु अर्जुन देव जी ने भाई गुरदास जी को बुलाया और बुला कर कहने लगे, यह समस्या सामने आ रही है, क्योंकि उस समय बहुत कुछ हो रहा था।

